


**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV





**ਅੰਦਰਲੀ ਖ਼ਬਰ**
ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੱਖਾਂ ਸ਼ਰਧਾਲੂਆਂ ਵੱਲੋਂ ਸਿਜਦਾ 05

**ਅੰਦਰਲੀ ਖ਼ਬਰ**
ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ "ਵੀਰ ਬਾਲ ਦਿਵਸ" ਕਹਿਣਾ: ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ? 12





**ਲੇਖ**
ਦੇਸ਼, ਕੌਮ ਤੇ ਧਰਮ ਦੀ ਰਾਖੀ ਲਈ ਦਸਮ ਪਿਤਾ ਜੀ ਦੇ ਪਰਿਵਾਰ ਦੀ ਅਦੁੱਤੀ ਸ਼ਹਾਦਤ





PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
27 ਦਸੰਬਰ ਤੋਂ 01 ਜਨਵਰੀ, 2024
Email :- editor@punjabstar.com, Vo.20.Issue:1165


## ਕਜ਼ਾਕਿਸਤਾਨ 'ਚ ਯਾਤਰੀ ਜਹਾਜ਼ ਹੋਇਆ ਹਾਦਸੇ ਦਾ ਸ਼ਿਕਾਰ, 62 ਤੋਂ ਵੱਧ ਲੋਕ ਸਨ ਸਵਾਰ



ਕਜ਼ਾਕਿਸਤਾਨ (ਪੰਜਾਬ ਸਟਾਰ ਬਿਊਰੋ): ਕਜ਼ਾਕਿਸਤਾਨ ਦੇ ਅਕਤਾਊ ਵਿਚ ਇਕ ਯਾਤਰੀ ਜਹਾਜ਼ ਕਰੈਸ਼ ਹੋ ਗਿਆ। ਜਾਣਕਾਰੀ ਮੁਤਾਬਕ ਜਹਾਜ਼ ਵਿਚ 62 ਯਾਤਰੀ ਤੇ 5 ਚਾਲਕ ਦਲ ਮੌਜੂਦ ਸਨ। ਇਨ੍ਹਾਂ ਵਿਚੋਂ 25 ਲੋਕਾਂ ਨੂੰ ਬਚਾਅ ਲਿਆ ਗਿਆ ਹੈ। 22 ਨੂੰ ਹਸਪਤਾਲ ਭਰਤੀ ਕਰਾਇਆ ਗਿਆ ਹੈ।

ਹਾਦਸੇ ਵਿਚ 42 ਲੋਕਾਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਜਹਾਜ਼ ਅਜਰਬੈਜਾਨ ਤੋਂ ਰੂਸ ਦੇ ਚੇਚਨਯਾ ਸੂਬੇ ਦੀ ਰਾਜਧਾਨੀ ਗ੍ਰੋਜਨੀ ਜਾ ਰਿਹਾ ਸੀ ਪਰ ਉਸ ਨੂੰ ਕਜਾਖ ਸ਼ਹਿਰ ਅਕਤਾਊ ਤੋਂ ਲਗਭਗ 3 ਕਿਲੋਮੀਟਰ ਦੂਰ ਐਮਰਜੈਂਸੀ ਲੈਂਡਿੰਗ ਕਰਨੀ ਪਈ।

ਧੁੰਦ ਕਾਰਨ ਫਲਾਈਟ ਦਾ ਰੂਟ ਬਦਲਿਆ ਗਿਆ ਸੀ। ਜਹਾਜ਼ ਨੇ ਕ੍ਰੈਸ਼ ਹੋਣ ਤੋਂ ਪਹਿਲਾਂ ਏਅਰਪੋਰਟ ਦੇ ਕਈ ਚੱਕਰ ਲਗਾਏ ਸਨ। ਪਾਇਲਟ ਨੇ ਐਮਰਜੈਂਸੀ * ਬਾਕੀ ਸਫਾ 2 'ਤੇ

## ਪਾਕਿਸਤਾਨ ਨੇ ਅਫ਼ਗ਼ਾਨਿਸਤਾਨ 'ਤੇ ਕੀਤੀ ਏਅਰਸਟ੍ਰਾਈਕ, 15 ਦੀ ਮੌਤ



(ਪੰਜਾਬ ਸਟਾਰ ਬਿਊਰੋ)
ਪਾਕਿਸਤਾਨ ਨੇ ਮੰਗਲਵਾਰ ਦੇਰ ਰਾਤ ਅਫ਼ਗ਼ਾਨਿਸਤਾਨ ਦੇ ਪਕਤਿਕਾ ਸੂਬੇ ਦੇ ਬਰਮਲ ਜ਼ਿਲ੍ਹੇ 'ਚ ਹਵਾਈ ਹਮਲੇ ਕੀਤੇ। ਇਸ ਹਮਲੇ 'ਚ ਕਰੀਬ 15 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਮਰਨ ਵਾਲਿਆਂ ਵਿਚ ਔਰਤਾਂ ਤੇ ਬੱਚੇ ਸ਼ਾਮਲ ਹਨ। ਇਸ ਦੇ ਨਾਲ ਹੀ ਅਫ਼ਗ਼ਾਨ ਅਧਿਕਾਰੀਆਂ ਨੇ ਇਸ ਹਮਲੇ ਬਾਰੇ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਖਾਮਾ ਪ੍ਰੈੱਸ ਨੇ ਜਾਣਕਾਰੀ ਦਿਤੀ ਕਿ 24 ਦਸੰਬਰ ਦੀ ਰਾਤ ਨੂੰ ਹੋਏ ਹਵਾਈ ਹਮਲੇ ਵਿਚ * ਬਾਕੀ ਸਫਾ 2 'ਤੇ

## ਸਾਲ 2025 'ਚ ਗੈਰ ਕਾਨੂੰਨੀ ਪ੍ਰਵਾਸੀਆਂ 'ਤੇ ਟਰੰਪ ਦੀ ਤਲਵਾਰ ਦਾ ਖ਼ਤਰਾ



ਵਾਸ਼ਿੰਗਟਨ (ਪੰਜਾਬ ਸਟਾਰ ਬਿਊਰੋ): ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀਆਂ ਚੋਣਾਂ ਦੌਰਾਨ ਅਮਰੀਕਾ ਵਿਚ ਗੈਰ ਪ੍ਰਵਾਸੀਆਂ ਨੂੰ ਰੋਕਣ ਦੀ ਜੋ ਸਹੁੰ ਖਾਧੀ ਸੀ, ਉਸ ਨੂੰ ਪੂਰਾ ਕਰਨ ਲਈ ਉਸ ਨੇ ਵੱਡੀ ਟੀਮ ਤਿਆਰ ਕਰ ਲਈ ਹੈ। ਟਰੰਪ ਨੇ ਉਨ੍ਹਾਂ ਲੋਕਾਂ ਨੂੰ ਆਪਣੀ ਵਜ਼ਾਰਤ ਵਿਚ ਰੱਖਿਆ ਹੈ, ਜਿਹੜੇ ਕਿ ਪਹਿਲਾਂ ਹੀ ਅਮਰੀਕਾ 'ਚ ਨਾਜਾਇਜ਼ ਘੁਸਪੈਠ ਦੇ ਖਿਲਾਫ ਸਨ। 20 ਜਨਵਰੀ ਨੂੰ ਡੋਨਾਲਡ ਟਰੰਪ ਸਹੁੰ ਚੁੱਕਣ ਜਾ ਰਹੇ ਹਨ। ਚੋਣਾਂ ਤੋਂ ਪਹਿਲਾਂ ਹੀ ਇਨ੍ਹਾਂ ਦੀ ਕਾਰਗੁਜ਼ਾਰੀ ਤੋਂ ਇੰਝ ਲੱਗ ਰਿਹਾ ਹੈ * ਬਾਕੀ ਸਫਾ 2 'ਤੇ

## ਟ੍ਰਾਂਸਜੈਂਡਰਜ਼ ਨੂੰ ਟਰੰਪ ਨੇ ਦਿੱਤਾ ਵੱਡਾ ਝਟਕਾ! ਫੌਜ ਤੇ ਸਕੂਲਾਂ 'ਚੋਂ ਕੱਢਿਆ ਜਾਵੇਗਾ ਬਾਹਰ

(ਪੰਜਾਬ ਸਟਾਰ ਬਿਊਰੋ)
ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਆਪਣੇ ਕਾਰਜਕਾਲ ਦੇ ਪਹਿਲੇ ਹੀ ਦਿਨ ਟ੍ਰਾਂਸਜੈਂਡਰਜ਼ ਨੂੰ ਵੱਡਾ ਝਟਕਾ ਦਿੱਤਾ ਗਿਆ ਹੈ। ਉਨ੍ਹਾਂ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਹੁਣ ਫੌਜ ਤੇ ਸਕੂਲਾਂ 'ਚੋਂ ਟ੍ਰਾਂਸਜੈਂਡਰਜ਼ ਨੂੰ ਬਾਹਰ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਟਰੰਪ ਸਰਕਾਰ ਅਧੀਨ ਪ੍ਰਸ਼ਾਸਨ 'ਚ ਮਰਦ ਤੇ ਔਰਤਾਂ ਦੋ ਹੀ ਜੈਂਡਰ ਹੋਣਗੇ। ਡੋਨਾਲਡ ਟਰੰਪ ਨੇ ਮਰਦਾਂ ਨੂੰ ਔਰਤਾਂ ਦੀਆਂ ਖੇਡਾਂ ਤੋਂ ਦੂਰ ਰੱਖਣ ਦੀ ਗੱਲ ਕਹੀ ਤੇ ਕਿਹਾ ਕਿ ਇਹ ਅਮਰੀਕੀ ਸਰਕਾਰ * ਬਾਕੀ ਸਫਾ 2 'ਤੇ

## ਮਨੁੱਖੀ ਤਸਕਰੀ 'ਚ ਕੈਨੇਡੀਅਨ ਕਾਲਜਾਂ ਅਤੇ ਭਾਰਤੀ ਸੰਸਥਾਵਾਂ ਦੀ ਭੂਮਿਕਾ ਦੀ ਜਾਂਚ ਕਰ ਰਹੀ ਹੈ ਈਡੀ



ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ): ਐਨਫੋਰਸਮੈਂਟ ਡਾਇਰੈਕਟੋਰੇਟ (ED) ਕੈਨੇਡਾ ਦੀ ਸਰਹੱਦ ਤੋਂ ਅਮਰੀਕਾ ਵਿਚ ਭਾਰਤੀਆਂ ਦੀ ਤਸਕਰੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਕੁਝ ਕੈਨੇਡੀਅਨ ਕਾਲਜਾਂ ਅਤੇ ਕੁਝ ਭਾਰਤੀ ਸੰਸਥਾਵਾਂ ਦੀ ਕਥਿਤ ਸ਼ਮੂਲੀਅਤ ਦੀ ਜਾਂਚ ਕਰ ਰਿਹਾ ਹੈ। ਇਹ ਜਾਂਚ ਗੁਜਰਾਤ ਦੇ ਡਿੰਗੁਚਾ ਪਿੰਡ ਦੇ ਰਹਿਣ ਵਾਲੇ ਚਾਰ ਮੈਂਬਰੀ ਭਾਰਤੀ ਪਰਿਵਾਰ ਦੀ ਮੌਤ ਨਾਲ ਜੁੜੀ ਹੋਈ ਹੈ।

ਜ਼ਿਕਰਯੋਗ ਹੈ ਕਿ 19 ਜਨਵਰੀ 2022 ਨੂੰ ਕੈਨੇਡਾ-ਅਮਰੀਕਾ ਸਰਹੱਦ ਨੂੰ ਗੈਰਕਾਨੂੰਨੀ ਢੰਗ ਨਾਲ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਇਕੋ ਪਰਿਵਾਰ ਦੇ ਚਾਰਾਂ ਮੈਂਬਰਾਂ ਦੀ ਮੌਤ ਬਹੁਤ ਜ਼ਿਆਦਾ ਠੰਡ ਨਾਲ ਹੋ ਗਈ ਸੀ। ਈਡੀ ਨੇ ਕਿਹਾ ਕਿ ਇਸ ਨੇ ਇਸ ਮਾਮਲੇ ਦੇ ਮੁੱਖ ਦੋਸ਼ੀ ਵਜੋਂ ਉਭਰੇ ਭਾਵੇਸ਼ ਅਸ਼ੋਕਭਾਈ ਪਟੇਲ ਦੇ ਖ਼ਿਲਾਫ਼ ਅਹਿਮਦਾਬਾਦ ਪੁਲੀਸ ਐਫਆਈਆਰ ਅਤੇ ਇੱਕ ਕੁਝ ਹੋਰ ਮਨੀ ਲਾਂਡਰਿੰਗ ਰੋਕੂ ਕਾਨੂੰਨ (PMLA) ਦੀਆਂ ਅਪਰਾਧਿਕ ਧਾਰਾਵਾਂ ਦੇ ਤਹਿਤ ਸ਼ਿਕਾਇਤ ਦਰਜ ਕਰਵਾਉਣ ਲਈ ਦਾ * ਬਾਕੀ ਸਫਾ 2 'ਤੇ

## ਕੈਨੇਡਾ 'ਚ ਨੀਤੀਗਤ ਤਬਦੀਲੀਆਂ ਨਾਲ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ ਕੌਮਾਂਤਰੀ ਵਿਦਿਆਰਥੀ!



ਬਰੈਂਪਟਨ (ਪੰਜਾਬ ਸਟਾਰ ਬਿਊਰੋ): ਕੈਨੇਡਾ 'ਚ ਕੌਮਾਂਤਰੀ ਵਿਦਿਆਰਥੀਆਂ ਲਈ ਨਿੱਤ ਨਵੇਂ ਨਿਯਮਾਂ ਦਾ ਐਲਾਨ ਮੁਸੀਬਤ ਬਣ ਗਿਆ ਹੈ। ਸਟੱਡੀ ਪਰਮਿਟਾਂ ਦੀ ਗਿਣਤੀ ਵਿਚ ਕਮੀ ਅਤੇ ਵਰਕ ਪਰਮਿਟਾਂ * ਬਾਕੀ ਸਫਾ 2 'ਤੇ

## ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਜਲਦ ਲਿਆ ਜਾ ਸਕਦੈ ਫ਼ੈਸਲਾ!



ਚੰਡੀਗੜ੍ਹ, (ਪੰਜਾਬ ਸਟਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਪ੍ਰਧਾਨਗੀ ਤੋਂ ਦਿੱਤੇ ਅਸਤੀਫ਼ੇ ਨੂੰ ਲੈ ਕੇ ਪਾਰਟੀ ਵੱਲੋਂ ਜਲਦ ਹੀ ਕੋਈ ਫੈਸਲਾ ਲਿਆ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਜਨਵਰੀ ਦੇ ਪਹਿਲੇ ਹਫ਼ਤੇ ਸੱਦੀ ਜਾ ਸਕਦੀ ਹੈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ ਅਸਤੀਫ਼ੇ ਨੂੰ ਵਿਚਾਰਿਆ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੁਖਬੀਰ ਬਾਦਲ ਦੇ ਅਸਤੀਫ਼ੇ ਬਾਰੇ ਫੈਸਲਾ ਪਾਰਟੀ ਦੀ ਵਰਕਿੰਗ ਕਮੇਟੀ ਨੇ ਲੈਣਾ ਹੈ। ਵਰਕਿੰਗ ਕਮੇਟੀ ਦੀ ਮੀਟਿੰਗ ਜਨਵਰੀ ਵਿਚ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਸੁਖਬੀਰ ਦੇ ਅਸਤੀਫ਼ੇ ਅਤੇ ਪਾਰਟੀ ਦੀ ਨਵੀਂ ਮੈਂਬਰਸ਼ਿਪ ਨੂੰ ਲੈ ਕੇ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਤੋਂ ਇਲਾਵਾ ਪਾਰਟੀ ਦੀ ਮਜ਼ਬੂਤੀ ਲਈ ਕਈ ਹੋਰ ਮਾਮਲਿਆਂ 'ਤੇ ਵਿਚਾਰ-ਚਰਚਾ ਹੋਵੇਗੀ।

ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਹੋਰਨਾਂ ਆਗੂਆਂ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਮਗਰੋਂ ਸੁਖਬੀਰ ਬਾਦਲ ਨੇ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਸ ਮਗਰੋਂ ਦੋ ਦਸੰਬਰ ਨੂੰ ਅਕਾਲ ਤਖ਼ਤ ਦੇ ਜਥੇਦਾਰਾਂ ਨੇ ਸੁਖਬੀਰ ਸਣੇ ਕਈ ਹੋਰਨਾਂ ਅਕਾਲੀ ਆਗੂਆਂ ਨੂੰ ਤਨਖਾਹ ਲਗਾਈ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਨ੍ਹਾਂ ਦੇ ਅਸਤੀਫ਼ੇ ਪ੍ਰਵਾਨ ਕਰਨ ਦੇ ਹੁਕਮ ਦਿੱਤੇ ਸਨ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੇ ਅਸਤੀਫ਼ੇ ਪ੍ਰਵਾਨ ਕਰਨ ਲਈ ਕੁਝ ਦਿਨਾਂ ਦਾ ਸਮਾਂ ਮੰਗਿਆ ਸੀ।

## ਕੈਨੇਡਾ 'ਚ ਕੈਬਨਿਟ ਮੰਤਰੀ ਬਣੀ ਰੂਬੀ ਸਹੋਤਾ ਦੇ ਜੱਦੀ ਪਿੰਡ 'ਚ ਖ਼ੁਸ਼ੀ ਦਾ ਮਾਹੌਲ




ਬਰੈਂਪਟਨ (ਪੰਜਾਬ ਸਟਾਰ ਬਿਊਰੋ): ਬਰੈਂਪਟਨ ਨੌਰਥ ਤੋਂ ਲਗਾਤਾਰ ਤੀਸਰੀ ਵਾਰ ਚੋਣ ਜਿੱਤ ਕੇ ਐਮ.ਪੀ. ਬਣੀ ਰੂਬੀ ਸਹੋਤਾ ਨੂੰ ਬੀਤੇ ਦਿਨੀਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਕੈਬਨਿਟ ਵਿਚ ਸ਼ਾਮਿਲ ਕੀਤਾ ਜਿਸ ਤੇ ਕੈਨੇਡਾ ਤੋਂ ਇਲਾਵਾ ਰੂਬੀ ਸਹੋਤਾ ਦੇ ਜੱਦੀ ਪਿੰਡ ਜੰਡਾਲੀ ਕਲਾਂ ਜਿਲ੍ਹਾ ਮਲੇਰਕੋਟਲਾ ਵਿਖੇ ਨਗਰ ਨਿਵਾਸੀਆਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਲੱਡੂ ਵੰਡੇ। ਪਹਿਲੀ ਵਾਰ ਕੈਬਨਿਟ ਮੰਤਰੀ ਬਣੀ ਰੂਬੀ ਸਹੋਤਾ ਨੂੰ ਜਮਹੂਰੀ ਸੰਸਥਾਵਾਂ ਤੇ ਆਰਥਿਕ ਡਿਵੈਲਪਮੈਂਟ ਦਾ (ਦੱਖਣੀ ਉਨਟਾਰੀਓ) ਮਹਿਕਮੇ ਦੀ ਜਿੰਮੇਵਾਰੀ ਸੌਂਪੀ ਗਈ ਹੈ। ਪਿੰਡ ਦੇ ਪਤਵੰਤੇ ਸੱਜਣਾਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਪੰਜਾਬ ਦੀ ਇਸ ਹੋਣਹਾਰ ਧੀ ਨੂੰ ਵਧਾਈ ਸੰਦੇਸ਼ ਭੇਜੇ ਹਨ। ਜੰਡਾਲੀ ਕਲਾਂ ਦੀ ਸਰਪੰਚ ਬਲਜੀਤ ਕੌਰ, ਬਾਬਾ ਜੰਡਾਲੀ ਸਾਬਕਾ ਸਰਪੰਚ, ਅਬਨਿੰਦਰ ਸਿੰਘ ਬੱਬਲੂ, ਰਾਜਿੰਦਰ ਸਿੰਘ ਬਾਠ, ਦਰਸ਼ਨ ਸਿੰਘ ਪੰਧੇਰ, ਸੁਖਰਾਜ ਸਿੰਘ ਲੇਲ, ਸਰਪੰਚ ਸੋਨੀ ਜੰਡਾਲੀ ਖੁਰਦ ਆਦਿ ਨੇ ਵਧਾਈ ਭੇਜੀ ਹੈ। ਬੀਬੀ ਰੂਬੀ ਸਹੋਤਾ ਦੇ ਪਿਤਾ ਸ੍ਰ: ਹਰਬੰਸ ਸਿੰਘ ਜੰਡਾਲੀ ਕਈ ਸਾਲ ਪਿੰਡ ਦੇ ਸਰਪੰਚ ਰਹੇ ਹਨ ਤੇ ਕੈਨੇਡਾ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2



Gill Tire Centre
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਬੀਬੀ ਜਗੀਰ ਕੌਰ ਪ੍ਰਤੀ ਬਦਕਲਾਮੀ ਲਈ SGPC ਪ੍ਰਧਾਨ ਧਾਮੀ ਨੂੰ ਪੰਜ ਪਿਆਰਿਆਂ ਨੇ ਲਾਈ ਤਨਖ਼ਾਹ



ਅੰਮ੍ਰਿਤਸਰ : ਬੀਬੀ ਜਗੀਰ ਕੌਰ ਨੂੰ ਬੋਲੇ ਗਏ ਅਪਸ਼ਬਦਾਂ ਦੇ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅੱਜ ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ ਕੋਲ ਪੇਸ਼ ਹੋਏ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਸੰਗਤਾਂ ਦੇ ਜੋੜੇ ਸਾਫ ਕਰਨ, ਲੰਗਰ ਦੇ ਜੂਠੇ ਬਰਤਨ ਮਾਂਜਣ ਅਤੇ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਤਨਖ਼ਾਹ ਲਾਈ ਹੈ। ਇਸ ਤੋਂ ਬਾਅਦ ਐਡਵੋਕੇਟ ਧਾਮੀ ਨੇ ਲਾਈ ਗਈ ਤਨਖ਼ਾਹ ਦੀ ਪੂਰਤੀ ਵਾਸਤੇ ਸ੍ਰੀ ਹਰਿਮੰਦਰ ਸਾਹਿਬ ਦੇ ਜੋੜਾ ਘਰ ਵਿੱਚ ਬੈਠ ਕੇ ਸੰਗਤਾਂ ਦੇ ਜੋੜੇ ਸਾਫ ਕੀਤੇ ਹਨ।

ਦੱਸਣਯੋਗ ਹੈ ਕਿ ਐਡਵੋਕੇਟ ਧਾਮੀ ਨੇ ਬੀਤੇ ਦਿਨੀਂ ਬੀਬੀ ਜਗੀਰ ਕੌਰ ਦੇ ਖਿਲਾਫ ਇਤਰਾਜ਼ਯੋਗ ਸ਼ਬਦ ਬੋਲੇ ਸਨ। ਬਾਅਦ ਵਿਚ ਆਪਣੀ ਗ਼ਲਤੀ ਦਾ ਅਹਿਸਾਸ ਕਰਦਿਆ ਉਨ੍ਹਾਂ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਦੇ ਕੇ ਮੁਆਫ਼ੀ ਮੰਗੀ ਸੀ ਅਤੇ ਇਸ ਮਾਮਲੇ ਵਿੱਚ ਬੀਬੀ ਜਗੀਰ ਕੌਰ ਕੋਲੋਂ ਵੀ ਜਨਤਕ ਤੌਰ 'ਤੇ ਮੁਆਫ਼ੀ ਮੰਗ ਲਈ ਸੀ। ਇਸ ਮਾਮਲੇ ਵਿੱਚ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਵੀ ਉਨ੍ਹਾਂ ਨੂੰ ਸੰਮਨ ਜਾਰੀ ਕੀਤੇ ਸਨ, ਜਿੱਥੇ ਉਨ੍ਹਾਂ ਹੋਈ ਗ਼ਲਤੀ ਦਾ ਸਪਸ਼ਟੀਕਰਨ ਦਿੱਤਾ ਸੀ। ਅੱਜ ਇਸ ਮਾਮਲੇ ਵਿੱਚ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਣ ਗਏ ਅਤੇ ਜਿਨ੍ਹਾਂ ਦੇ ਆਦੇਸ਼ ਅਨੁਸਾਰ ਉਹ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਿਆਂ ਦੇ ਸਨਮੁਖ ਪੇਸ਼ ਹੋਏ। ਇਸ ਦੌਰਾਨ ਪੰਜ ਪਿਆਰਿਆਂ ਵੱਲੋਂ ਐਡਵੋਕੇਟ ਧਾਮੀ ਨੂੰ ਇੱਕ ਘੰਟਾ ਜੋੜਾ ਘਰ ਵਿਚ ਜੋੜੇ ਸਾਫ਼ ਕਰਨ, ਇੱਕ ਘੰਟਾ ਲੰਗਰ ਵਿਖੇ ਬਰਤਨ ਮਾਂਜਣ ਦੀ ਸੇਵਾ ਕਰਨ ਦੇ ਨਾਲ-ਨਾਲ ਪੰਜ ਜਪੁਜੀ ਸਾਹਿਬ ਦੇ ਪਾਠ ਕਰਨ ਉਪਰੰਤ 500 ਰੁਪਏ ਦੀ ਦੇਗ ਕਰਵਾ ਕੇ ਅਰਦਾਸ ਕਰਵਾਉਣ ਦਾ ਆਦੇਸ਼ ਕੀਤਾ ਹੈ। ਇਸੇ ਦੌਰਾਨ ਐਡਵੋਕੇਟ ਧਾਮੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੰਨਦਿਆਂ ਜੋੜਾ ਘਰ ਅਤੇ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਆਪਣੀ ਸੇਵਾ ਸੰਪੂਰਨ ਕੀਤੀ।

## ਪੰਜਾਬ ਪੁਲਿਸ ਦੇ ASI ਨੇ ਨਸ਼ੇ ਦੀ ਪੂਰਤੀ ਲਈ ਗਹਿਣੇ ਰੱਖਿਆ ਪਿਸਤੌਲ, ਕੀਤਾ ਮੁਅੱਤਲ

ਪੰਜਾਬ ਪੁਲਿਸ ਦੇ ਏਐਸਆਈ ਨੇ ਲੰਡਾ ਗੈਂਗ ਕੋਲ ਆਪਣੀ ਸਰਵਿਸ ਰਿਵਾਲਵਰ ਰੱਖੀ। ਪੁਲਿਸ ਮੁਲਾਜ਼ਮ ਨੇ ਨਸ਼ੇ ਦੀ ਪੂਰਤੀ ਲਈ ਆਪਣੀ ਪਿਸਤੌਲ ਗਿਰਵੀ ਰੱਖੀ। ਅਧਿਕਾਰੀਆਂ ਨੇ ਏਐਸਆਈ ਨੂੰ ਸਸਪੈਂਡ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲਿਸ ਦੇ ਏਐਸਆਈ ਵੱਲੋਂ ਨਸ਼ੇ ਦੀ ਪੂਰਤੀ ਲਈ ਲੰਡਾ ਗੈਂਗ ਦੇ ਗੁਰਗੇ ਕੋਲ 10 ਹਜ਼ਾਰ ਵਿੱਚ ਆਪਣੀ ਸਰਵਿਸ ਰਿਵਾਲਵਰ ਗਿਰਵੀ ਰੱਖੀ ਹੋਈ ਸੀ। ਦੱਸ ਦਈਏ ਕਿ ਵਿਦੇਸ਼ ਵਿੱਚ ਬੈਠਕ ਗੈਂਗਸਟਰ ਲਖਬੀਰ ਸਿੰਘ ਲੰਡਾ ਗਰੁੱਪ ਦੇ ਫਿਰੌਤੀ ਮੰਗ ਕੇ ਗੋਲੀ ਚਲਾਉਣ ਵਾਲੇ ਤਿੰਨ ਸਾਥੀਆਂ ਨੂੰ ਇੱਕ ਨਜਾਇਜ਼ ਪਿਸਤੌਲ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਜਿਨਾਂ ਖਿਲਾਫ ਮੁਕਦਮਾ ਨੰਬਰ 107 ਦਰਜ ਕਰਕੇ ਵੱਖ-ਵੱਖ ਧਰਾਵਾਂ ਤਹਿਤ ਕਾਰਵਾਈ ਕੀਤੀ ਗਈ ਸੀ। ਜਿਸ ਵਿੱਚ ਮੁਲਜ਼ਮਾਂ ਦੀ ਪਹਿਚਾਣ ਯਾਦਵਿੰਦਰ ਸਿੰਘ ਉਰਫ, ਕੁਲਦੀਪ ਸਿੰਘ ਉਰਫ ਪ੍ਰਭਜੀਤ ਸਿੰਘ ਅਤੇ ਪੰਜਾਬ ਪੁਲਿਸ ਦੇ ਸਰਿਹਾਲੀ ਥਾਣਾ ਵਿੱਚ ਤੈਨਾਤ ਏਐਸਆਈ ਪਵਨਦੀਪ ਸਿੰਘ ਪੁੱਤਰ ਲੱਖਾ ਸਿੰਘ ਵਾਸੀ ਸਰਿਹਾਲੀ ਕਲਾ ਨੂੰ ਇਸ ਮੁਕਦਮੇ ਵਿੱਚ ਨਾਮਜਦ ਕਰਕੇ ਉਸ ਦੇ ਬਣਦੀ ਕਾਰਵਾਈ ਕੀਤੀ ਗਈ ਹੈ।

## ਡੱਲੇਵਾਲ ਦੀ ਸਿਹਤ ਨੂੰ ਲੈ ਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਕੇਂਦਰ ਨੂੰ ਤਿੱਖੇ ਸਵਾਲ



ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨ ਅੰਦੋਲਨ ਅਤੇ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਬਾਰੇ ਬੋਲਦਿਆਂ ਕਿਹਾ ਕਿ ਅੱਜ ਉਨ੍ਹਾਂ ਦੇ ਮਰਨ ਵਰਤ ਨੂੰ 30ਵਾਂ ਦਿਨ ਸ਼ੁਰੂ ਹੋ ਗਿਆ ਹੈ ਪਰ ਕੇਂਦਰ ਸਰਕਾਰ ਦੇ ਕੰਨ ਉਤੇ ਜੂੰ ਵੀ ਨਹੀਂ ਸਰਕ ਰਹੀ।

ਉਨ੍ਹਾਂ ਕਿਹਾ ਕਿ ਐਮਐਸਪੀ ਦੀ ਮੰਗ ਕੋਈ ਇਕੱਲੀ ਡੱਲੇਵਾਲ ਦੀ ਮੰਗ ਨਹੀਂ ਪਰ ਕਿ ਪੂਰੇ ਦੇਸ਼ ਦੀ ਕਿਸਾਨੀ ਦੀ ਮੰਗ ਹੈ। ਇਸ ਲਈ ਕੇਂਦਰ ਸਰਕਾਰ ਨੂੰ ਅੱਗੇ ਹੋ ਕੇ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਾਹੀਦਾ ਹੈ ਕਿ ਅੱਗੇ ਹੋ ਕੇ ਡੱਲੇਵਾਲ ਨੂੰ ਮਰਨ ਵਰਤ ਤੋੜਨ ਲਈ ਮਨਾਉਣ।

ਉਨ੍ਹਾਂ ਕਿਹਾ ਕਿ ਸਰਕਾਰਾਂ ਮਾਂ ਵਰਗੀਆਂ ਹੁੰਦੀਆਂ ਹਨ ਜਿਹੜੀਆਂ ਦੇਸ਼ ਦੇ ਹਰੇਕ ਨਾਗਰਿਕ ਦੀ ਸਮੱਸਿਆ ਉਸ ਦੇ ਕੋਲ ਜਾ ਕੇ ਸੁਣਦੀਆਂ ਹਨ। ਇਸ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਡੱਲੇਵਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਔਖਾ ਹੈ ਤਾਂ ਹੀ ਖ਼ੁਦਕੁਸ਼ੀਆਂ ਕਰ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਦੇਸ਼ ਦੀਆਂ ਸਰਹੱਦਾਂ ਉਤੇ ਰਾਖੀ ਕਰਨ ਵਾਲੇ ਵੀ ਕਿਸਾਨਾਂ ਦੇ ਪੁੱਤਰ ਹੀ ਹਨ ਅਤੇ ਆਜ਼ਾਦੀ ਦਿਵਾਉਣ ਵਾਲੇ ਸ. ਭਗਤ ਸਿੰਘ ਵੀ ਕਿਸਾਨ ਦੇ ਹੀ ਪੁੱਤਰ ਸਨ। ਇਸ ਲਈ ਦੇਸ਼ ਨੂੰ ਜੇਕਰ ਵਿਸ਼ਵ ਗੁਰੂ ਬਣਾਉਣਾ ਹੈ ਤਾਂ ਦੇਸ਼ ਦੇ ਕਿਸਾਨ ਨੂੰ ਖ਼ੁਸ਼ਹਾਲ ਕਰਨਾ ਪਵੇਗਾ।

# ਪੇਜ ਇੱਕ ਦੀ ਬਾਕੀ

## ਕਜ਼ਾਕਿਸਤਾਨ 'ਚ ਯਾਤਰੀ...

ਲੈਂਡਿੰਗ ਦੀ ਪਰਮਿਸ਼ਨ ਵੀ ਮੰਗੀ ਸੀ। ਹਾਲਾਂਕਿ ਬਾਅਦ ਵਿਚ ਉਸ ਨੂੰ ਏਅਰਪੋਰਟ ਦੇ ਕੋਲ ਬੀਚ 'ਤੇ ਐਮਰਜੈਂਸੀ ਲੈਂਡਿੰਗ ਲਈ ਮਜਬੂਰ ਹੋਣਾ ਪਿਆ। ਕ੍ਰੈਸ਼ ਹੋਇਆ ਜਹਾਜ਼ ਅਜਰਬੈਜਾਨ ਏਅਰਲਾਈਨਸ ਦਾ ਐਂਬ੍ਰੇਅਰ 190 ਮਾਡਲ ਸੀ। ਕਜਾਕਿਸਤਾਨ ਦੀ ਟਰਾਂਸਪੋਰਟ ਮਨਿਸਟਰੀ ਦਾ ਕਹਿਣਾ ਹੈ ਕਿ ਉਹ ਇਸ ਦੁਰਘਟਨਾ ਦੀ ਸਪੈਸ਼ਲ ਜਾਂਚ ਕਰਾਉਣਗੇ। ਕ੍ਰੈਸ਼ ਦੀ ਵਜ੍ਹਾ ਤਕਨੀਕੀ ਖਰਾਬੀ ਵੀ ਹੋ ਸਕਦੀ ਹੈ। ਦੂਜੇ ਪਾਸੇ ਰੂਸੀ ਮੀਡੀਆ ਰਿਪੋਰਟ ਮੁਤਾਬਕ ਪੰਛੀਆਂ ਦੇ ਝੁੰਡ ਨਾਲ ਟੱਕਰ ਦੇ ਕਾਰਨ ਇਹ ਹਾਦਸਾ ਹੋਇਆ। ਕਜ਼ਾਕਿਸਤਾਨ ਦੇ ਐਮਰਜੈਂਸੀ ਮੰਤਰਾਲੇ ਮੁਤਾਬਕ ਕੁੱਲ 52 ਰੈਸਕਿਉ ਟੀਮਾਂ ਹਾਦਸੇ ਵਾਲੀ ਥਾਂ 'ਤੇ ਭੇਜੀਆਂ ਗਈਆਂ ਹਨ।

## ਪਾਕਿਸਤਾਨ ਨੇ...

ਲਮਨ ਸਮੇਤ ਕਰੀਬ ਸੱਤ ਪਿੰਡਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਇਕ ਹੀ ਪਰਵਾਰ ਦੇ ਪੰਜ ਲੋਕਾਂ ਦੀ ਮੌਤ ਹੋ ਗਈ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨੀ ਜੰਗੀ ਜਹਾਜ਼ਾਂ ਨੇ ਇਹ ਹਮਲਾ ਕੀਤਾ ਹੈ। ਇਸ ਹਮਲੇ ਵਿਚ ਬਰਮਾਲ ਦਾ ਮੁਰਗਾ ਬਾਜ਼ਾਰ ਬੁਰੀ ਤਰ੍ਹਾਂ ਤਬਾਹ ਹੋ ਗਿਆ ਹੈ। ਹਮਲੇ ਤੋਂ ਬਾਅਦ ਤਣਾਅ ਵਧ ਗਿਆ ਹੈ। ਇਸ ਦੇ ਨਾਲ ਹੀ ਰਾਹਤ ਕਾਰਜ ਸ਼ੁਰੂ ਕਰ ਦਿਤੇ ਗਏ ਹਨ। ਹਮਲੇ ਤੋਂ ਬਾਅਦ ਤਾਲਿਬਾਨ ਦੇ ਰਖਿਆ ਮੰਤਰਾਲੇ ਨੇ ਬਿਆਨ ਜਾਰੀ ਕੀਤਾ ਹੈ। ਰਖਿਆ ਮੰਤਰਾਲੇ ਨੇ ਬਰਮਾਲ, ਪਕਤਿਕਾ 'ਤੇ ਹਵਾਈ ਹਮਲੇ ਤੋਂ ਬਾਅਦ ਜਵਾਬੀ ਕਾਰਵਾਈ ਕਰਨ ਦੀ ਸਹੁੰ ਖਾਧੀ ਹੈ।

ਮੰਤਰਾਲੇ ਨੇ ਕਿਹਾ ਕਿ ਅਪਣੀ ਜ਼ਮੀਨ ਅਤੇ ਪ੍ਰਭੂਸੱਤਾ ਦੀ ਰਖਿਆ ਕਰਨਾ ਉਨ੍ਹਾਂ ਦਾ ਜਾਇਜ਼ ਅਧਿਕਾਰ ਹੈ ਅਤੇ ਹਮਲੇ ਦੀ ਨਿੰਦਾ ਕਰਦੇ ਹੋਏ ਦਾਅਵਾ ਕੀਤਾ ਕਿ ਨਿਸ਼ਾਨਾ ਬਣਾਏ ਗਏ 'ਵਜ਼ੀਰਿਸਤਾਨੀ ਸ਼ਰਨਾਰਥੀ' ਸ਼ਾਮਲ ਸਨ। ਹਾਲਾਂਕਿ ਪਾਕਿਸਤਾਨੀ ਅਧਿਕਾਰੀਆਂ ਨੇ ਅਧਿਕਾਰਤ ਤੌਰ 'ਤੇ ਹਵਾਈ ਹਮਲੇ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਫ਼ੌਜ ਦੇ ਨਜ਼ਦੀਕੀ ਸੁਰੱਖਿਆ ਸੂਤਰਾਂ ਨੇ ਕਿਹਾ ਕਿ ਇਹ ਹਮਲਾ ਸਰਹੱਦ ਨੇੜੇ ਤਾਲਿਬਾਨ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ। ਸੂਤਰਾਂ ਨੇ ਦਸਿਆ ਕਿ ਔਰਤਾਂ ਅਤੇ ਬੱਚਿਆਂ ਸਮੇਤ ਘੱਟੋ-ਘੱਟ 15 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਖੋਜ ਮੁਹਿੰਮ ਜਾਰੀ ਰਹਿਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

## ਸਾਲ 2025 'ਚ ਗੈਰ ਕਾਨੂੰਨੀ...

ਕਿ ਇਸ ਵਾਰ ਇਹ ਆਪਣੀ ਕਹਿਣੀ ਤੇ ਕਰਨੀ ਦੇ ਪਾਬੰਦ ਰਹਿਣਗੇ। ਚੋਣਾਂ ਤੋਂ ਪਹਿਲਾਂ ਟਰੰਪ ਨੇ ਜਿਹੜੇ ਵਾਅਦੇ ਅਮਰੀਕੀਆਂ ਨਾਲ ਕੀਤੇ ਸਨ, ਉਹ ਉਨ੍ਹਾਂ ਨੂੰ ਇੰਨ-ਬਿੰਨ ਲਾਗੂ ਕਰਾਉਣ ਲਈ ਕੰਮ ਕਰਨਗੇ। ਟਰੰਪ ਜਦੋਂ ਪਹਿਲੀ ਵਾਰ ਚੁਣੇ ਗਏ ਸਨ, ਉਸ ਵਕਤ ਵੀ ਉਨ੍ਹਾਂ ਨੇ ਮੈਕਸੀਕੋ ਦੇ ਬਾਰਡਰ 'ਤੇ ਵੱਡੀ ਕੰਧ ਉਸਾਰਨ ਦਾ ਐਲਾਨ ਕੀਤਾ ਸੀ, ਜਿਸ ਨੂੰ ਕਿ ਉਨ੍ਹਾਂ ਨੇ ਕਾਫੀ ਹੱਦ ਤੱਕ ਪੂਰਾ ਕੀਤਾ ਸੀ। ਬਹੁਤ ਸਾਰੇ ਅਜਿਹੇ ਬਿੱਲ ਵਾਪਸ ਲੈ ਲਏ ਸਨ, ਜਿਹੜੇ ਕਿ ਪਹਿਲੀਆਂ ਸਰਕਾਰਾਂ ਵੇਲੇ ਪਾਸ ਕੀਤੇ ਗਏ ਸਨ।

ਇਸ ਵਾਰ ਵੀ ਕੁੱਝ ਅਜਿਹਾ ਹੀ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ। ਇਸ ਵਾਰ ਟਰੰਪ ਨੇ ਮੈਕਸੀਕੋ ਦੇ ਨਾਲ-ਨਾਲ ਕੈਨੇਡਾ ਅਤੇ ਚੀਨ ਸਮੇਤ ਕੁੱਝ ਹੋਰ ਮੁਲਕਾਂ 'ਤੇ ਵੀ ਪਾਬੰਦੀਆਂ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਜੇ ਤੁਸੀਂ ਆਪਣੇ ਦੇਸ਼ਾਂ ਤੋਂ ਗੈਰ ਕਾਨੂੰਨੀ ਲੋਕਾਂ ਦੀ ਘੁਸਪੈਠ ਅਤੇ ਨਸ਼ੇ ਆਦਿ ਵਰਗੇ ਸਾਮਾਨ ਦੀ ਸਮਗਲਿੰਗ ਬੰਦ ਨਹੀਂ ਕੀਤੀ, ਤਾਂ ਤੁਹਾਡੇ ਮੁਲਕਾਂ ਤੋਂ ਆਉਣ ਵਾਲੇ ਸਾਮਾਨ 'ਤੇ ਵੱਡਾ ਟੈਰਿਫ ਲਾਇਆ ਜਾਵੇਗਾ।

ਟਰੰਪ ਨੇ ਅੰਤਰਰਾਸ਼ਟਰੀ ਪੱਧਰ 'ਤੇ ਜਿੱਥੇ ਅਜਿਹੇ ਮੁੱਦਿਆਂ 'ਤੇ ਐਲਾਨ ਕੀਤੇ ਹਨ, ਉਥੇ ਸਥਾਨਕ 'ਡਾਕਾ' ਨੂੰ ਵੀ ਰੋਕਣ ਦੀ ਵੀ ਕੋਸ਼ਿਸ਼ ਕੀਤੀ ਜਾਵੇਗੀ। ਟਰੰਪ ਨੇ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਭੇਜਣ ਦਾ ਤਹੱਈਆ ਕੀਤਾ ਹੋਇਆ ਹੈ। ਇਸ ਤੋਂ ਲੱਗਦਾ ਹੈ ਕਿ ਟਰੰਪ ਲੱਖਾਂ ਦੀ ਗਿਣਤੀ ਵਿਚ ਗੈਰ ਕਾਨੂੰਨੀ ਲੋਕਾਂ ਨੂੰ ਵਾਪਸ ਉਨ੍ਹਾਂ ਦੇ ਮੁਲਕਾਂ ਵਿਚ ਭੇਜੇਗਾ। ਬਹੁਤ ਸਾਰੇ ਰਿਪਬਲੀਕਨ ਸਟੇਟਾਂ ਦੇ ਗਵਰਨਰਾਂ ਨੇ ਟਰੰਪ ਦੀ ਇਨ੍ਹਾਂ ਨੀਤੀਆਂ ਦਾ ਸਮਰਥਨ ਕੀਤਾ ਹੈ ਅਤੇ ਆਪਣੀਆਂ ਸਟੇਟਾਂ ਵੱਲੋਂ ਸਹੂਲਤਾਂ ਦੇਣ ਦਾ ਐਲਾਨ ਵੀ ਕੀਤਾ ਹੈ। ਟੈਕਸਾਸ ਦੇ ਗਵਰਨਰ ਨੇ ਤਾਂ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ 'ਚ ਰਹਿ ਰਹੇ ਲੋਕਾਂ ਨੂੰ ਦੇਸ਼ ਤੋਂ ਬਾਹਰ ਕਰਨ ਲਈ ਜੇਲ੍ਹ ਦੀ ਵਿਵਸਥਾ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਇਥੋਂ ਤੱਕ ਕਿਹਾ ਹੈ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਭੇਜਣ ਲਈ ਅਮਰੀਕੀ ਸੁਰੱਖਿਆ ਦਸਤਿਆਂ '935' ਸਮੇਤ ਅਮਰੀਕੀ ਫੌਜ ਦਾ ਵੀ ਸਹਾਰਾ ਲਿਆ ਜਾ ਸਕਦਾ ਹੈ।

ਅਮਰੀਕਾ ਵਿਚ ਰਹਿ ਰਹੇ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਰਾਜਨੀਤਿਕ ਸ਼ਰਨ ਲੈਣ ਵਾਲਿਆਂ ਨੂੰ ਵੀ ਇਸ ਵੇਲੇ ਆਉਣ ਵਾਲਾ ਸਮਾਂ ਹਨੇਰਾ ਜਿਹਾ ਜਾਪ ਰਿਹਾ ਹੈ। ਹੁਣ ਦੇਖਣਾ ਇਹ ਹੈ ਕਿ ਟਰੰਪ 20 ਜਨਵਰੀ ਤੋਂ ਬਾਅਦ ਗੈਰ ਕਾਨੂੰਨੀ ਲੋਕਾਂ ਨੂੰ ਅਮਰੀਕਾ ਵਿਚ ਆਉਣ ਤੋਂ ਰੋਕਣ ਅਤੇ ਇਥੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਲਈ ਕੀ ਉਪਰਾਲੇ ਕਰਦੇ ਹਨ।

## ਟ੍ਰਾਂਸਜੈਂਡਰਜ਼ ਨੂੰ ਟਰੰਪ...

ਦੀ ਅਧਿਕਾਰਕ ਨੀਤੀ ਹੋਵੇਗੀ ਕਿ ਸਿਰਫ ਦੋ ਹੀ ਜੈਂਡਰ ਹੋਣਗੇ, ਮਰਦ ਤੇ ਔਰਤ। ਟ੍ਰਾਂਸਜੈਂਡਰਜ਼ ਮੁੱਦਿਆਂ ਨੇ ਹਾਲ ਦੇ ਸਾਲਾਂ ਵਿਚ ਅਮਰੀਕੀ ਰਾਜਨੀਤੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਡੈਮੋਕ੍ਰੇਟਿਕ ਤੇ ਰਿਪਬਲਿਕਨ ਨਿਯੰਤ੍ਰਿਤ ਸੂਬਾ ਚਕਿਤਸਾ, ਇਲਾਜ ਤੇ ਜਨਤਕ ਜਾਂ ਸਕੂਲ ਲਾਇਬ੍ਰੇਰੀਆਂ ਵਿਚ ਇਸ ਵਿਸ਼ੇ 'ਤੇ ਕਿਹੜੀਆਂ ਕਿਤਾਬਾਂ ਰੱਖਣ ਦੀ ਇਜਾਜ਼ਤ ਹੈ ਵਰਗੀਆਂ ਨੀਤੀ 'ਤੇ ਵੱਖ-ਵੱਖ ਦਿਸ਼ਾਵਾਂ ਵਿਚ ਚਲੇ ਗਏ ਹਨ।

ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਖਿਲਾਫ ਜਲਦ ਕਦਮ ਚੁੱਕਣ ਦਾ ਵਾਅਦਾ ਕੀਤਾ ਤੇ ਨਾਲ ਹੀ ਪਨਾਮਾ ਨਹਿਰ 'ਤੇ ਅਮਰੀਕੀ ਕੰਟਰੋਲ ਬਹਾਲ ਕਰਨ ਦੀ ਆਪਣੀ ਗੱਲ ਨੂੰ ਦੁਹਰਾਇਆ। ਨਾਲ ਹੀ ਟਰੰਪ ਨੇ ਕਿਹਾ ਕਿ ਮੈਂ ਯੂਕਰੇਨ ਵਿਚ ਯੁੱਧ ਨੂੰ ਖਤਮ ਕਰਾਂਗਾ। ਉਨ੍ਹਾਂ ਕਿਹਾ ਕਿ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੀਜੇ ਵਿਸ਼ਵ ਯੁੱਧ ਨੂੰ ਰੋਕਾਂਗਾ।

## ਮਨੁੱਖੀ ਤਸਕਰੀ 'ਚ...

ਨੋਟਿਸ ਲਿਆ ਹੈ। ਪਟੇਲ ਅਤੇ ਹੋਰਾਂ 'ਤੇ ਦੋਸ਼ ਹੈ ਕਿ ਲੋਕਾਂ (ਭਾਰਤੀਆਂ) ਨੂੰ ਗੈਰਕਾਨੂੰਨੀ ਚੈਨਲਾਂ ਕੈਨੇਡਾ ਰਾਹੀਂ ਅਮਰੀਕਾ ਭੇਜਣ ਦੀ ਸੋਚੀ ਸਮਝੀ ਸਾਜ਼ਿਸ਼ ਰਚੀ ਸੀ, ਜਿਸ ਨਾਲ ਮਨੁੱਖੀ ਤਸਕਰੀ ਦਾ ਜੁਰਮ ਕੀਤਾ ਗਿਆ ਸੀ।

ਏਜੰਸੀ ਨੇ ਪਹਿਲਾਂ ਜਾਂਚ ਦੌਰਾਨ ਪਾਇਆ ਸੀ ਕਿ ਰੈਕੇਟ ਦੇ ਹਿੱਸੇ ਵਜੋਂ ਮੁਲਜ਼ਮ ਨੇ ਕੈਨੇਡਾ ਸਥਿਤ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣ ਦੇ ਚਾਹਵਾਨ ਲੋਕਾਂ ਲਈ ਦਾਖਲੇ ਦਾ ਪ੍ਰਬੰਧ ਕੀਤਾ ਸੀ। ਏਜੰਸੀ ਨੇ ਮੰਗਲਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਅਜਿਹੇ ਲੋਕਾਂ ਲਈ ਇੱਕ ਕੈਨੇਡੀਅਨ ਵਿਦਿਆਰਥੀ ਵੀਜ਼ਾ ਅਪਲਾਈ ਕੀਤਾ ਗਿਆ ਸੀ ਅਤੇ ਇੱਕ ਵਾਰ ਜਦੋਂ ਉਹ ਉਸ ਦੇਸ਼ ਵਿੱਚ ਪਹੁੰਚ ਗਏ ਤਾਂ ਕਾਲਜ ਵਿੱਚ ਸ਼ਾਮਲ ਹੋਣ ਦੀ ਬਜਾਏ ਉਨ੍ਹਾਂ ਨੇ "ਗੈਰ-ਕਾਨੂੰਨੀ" ਤੌਰ 'ਤੇ ਅਮਰੀਕਾ-ਕੈਨੇਡਾ ਸਰਹੱਦ ਪਾਰ ਕੀਤੀ।

ਈਡੀ ਨੇ ਦੋਸ਼ ਲਾਇਆ ਕਿ "ਇਸ ਦੇ ਮੱਦੇਨਜ਼ਰ, ਕੈਨੇਡਾ ਸਥਿਤ ਕਾਲਜਾਂ ਵੱਲੋਂ ਪ੍ਰਾਪਤ ਕੀਤੀ ਗਈ ਫੀਸ ਵਿਅਕਤੀਆਂ ਦੇ ਖਾਤੇ ਵਿੱਚ ਵਾਪਸ ਭੇਜ ਦਿੱਤੀ ਗਈ ਸੀ। ਭਾਰਤੀਆਂ ਨੂੰ ਰੈਕੇਟ ਵੱਲੋਂ ਲੁਭਾ ਕੇ ਪ੍ਰਤੀ ਵਿਅਕਤੀ 55 ਤੋਂ 60 ਲੱਖ ਰੁਪਏ ਦੇ ਵਿਚਕਾਰ ਵਸੂਲੇ ਗਏ।

ਏਜੰਸੀ ਨੇ ਕਿਹਾ ਕਿ ਉਸ ਨੇ 10 ਦਸੰਬਰ ਅਤੇ 19 ਦਸੰਬਰ ਨੂੰ ਮੁੰਬਈ, ਨਾਗਪੁਰ, ਗਾਂਧੀਨਗਰ ਅਤੇ ਵੜੋਦਰਾ ਦੇ ਅੱਠ ਸਥਾਨਾਂ 'ਤੇ ਇਸ ਮਾਮਲੇ ਵਿਚ ਤਲਾਸ਼ੀ ਲਈ। ਇਸ ਦੌਰਾਨ ਸਾਹਮਣੇ ਆਇਆ ਕਿ ਮੁੰਬਈ ਅਤੇ ਨਾਗਪੁਰ ਨਾਲ ਸਬੰਧਤ ਦੋ ਇਕਾਈਆਂ ਵਿੱਚ ਕਮਿਸ਼ਨ ਦੇ ਅਧਾਰ 'ਤੇ ਵਿਦੇਸ਼ਾਂ ਵਿੱਚ ਸਥਿਤ ਯੂਨੀਵਰਸਿਟੀਆਂ ਵਿੱਚ ਭਾਰਤੀਆਂ ਦੇ ਦਾਖਲੇ ਲਈ ਇੱਕ ਸਮਝੌਤਾ ਹੋਇਆ ਹੈ। ਏਜੰਸੀ ਨੇ ਕਿਹਾ ਕਿ ਤਾਜ਼ਾ ਜਾਂਚ ਵਿੱਚ ਪਾਇਆ ਗਿਆ ਹੈ ਕਿ ਹਰ ਸਾਲ ਲਗਭਗ 25,000 ਵਿਦਿਆਰਥੀਆਂ ਨੂੰ ਇੱਕ ਸੰਸਥਾ ਵੱਲੋਂ ਅਤੇ 10,000 ਤੋਂ ਵੱਧ ਵਿਦਿਆਰਥੀਆਂ ਨੂੰ ਹੋਰਾਂ ਵੱਲੋਂ ਭਾਰਤ ਤੋਂ ਬਾਹਰ ਸਥਿਤ ਵੱਖ-ਵੱਖ ਕਾਲਜਾਂ ਵਿੱਚ ਭੇਜਿਆ ਜਾਂਦਾ ਹੈ। ਰਿਪੋਰਟ ਅਨੁਸਾਰ ਗੁਜਰਾਤ ਵਿੱਚ ਸਥਿਤ ਲਗਭਗ 1,700 ਏਜੰਟ/ਭਾਗੀਦਾਰ ਹਨ ਅਤੇ ਪੂਰੇ ਭਾਰਤ ਵਿੱਚ ਲਗਭਗ 3,500 ਏਜੰਟ/ਭਾਗੀਦਾਰ ਹਨ, ਜਿਨ੍ਹਾਂ ਵਿੱਚੋਂ ਲੱਗਭੱਗ 800 ਸਰਗਰਮ ਹਨ।

ਖੁਲਾਸੇ ਅਨੁਸਾਰ ਕੈਨੇਡਾ ਵਿੱਚ ਸਥਿਤ ਲਗਭਗ 112 ਕਾਲਜ ਇੱਕ ਇਕਾਈ ਨਾਲ ਅਤੇ 150 ਤੋਂ ਵੱਧ ਕਿਸੇ ਹੋਰ ਸੰਸਥਾ ਨਾਲ ਸਮਝੌਤਾਬੱਧ ਹਨ। ਹਾਲਾਂਕਿ ਤਤਕਾਲੀ ਮਾਮਲੇ ਵਿਚ ਉਨ੍ਹਾਂ ਦੀ ਸ਼ਮੂਲੀਅਤ ਦੀ ਜਾਂਚ ਕੀਤੀ ਜਾ ਰਹੀ ਹੈ। ਏਜੰਸੀ ਨੂੰ ਸ਼ੱਕ ਹੈ ਕਿ ਕੈਨੇਡਾ ਵਿਚ ਅਜਿਹੇ ਕੁੱਲ 262 ਕਾਲਜਾਂ ਵਿਚੋਂ ਕੁਝ, ਜੋ ਭੂਗੋਲਿਕ ਤੌਰ 'ਤੇ ਕੈਨੇਡਾ-ਅਮਰੀਕਾ ਸਰਹੱਦ ਦੇ ਨੇੜੇ ਸਥਿਤ ਹਨ, ਭਾਰਤੀਆਂ ਦੀ ਤਸਕਰੀ ਵਿਚ ਸ਼ਾਮਲ ਹਨ।

## ਕੈਨੇਡਾ 'ਚ ਨੀਤੀਗਤ ਤਬਦੀਲੀਆਂ...

ਦੇ ਨਵੇਂ ਨਿਯਮ ਉਨ੍ਹਾਂ ਨੂੰ ਬੇਰੁਜ਼ਗਾਰੀ ਵੱਲ ਧੱਕ ਰਹੇ ਹਨ, ਜਿਸ ਕਾਰਨ ਉਹ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਰਹੇ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਕੌਮਾਂਤਰੀ ਵਿਦਿਆਰਥੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕੈਨੇਡਾ ਵਿਚ ਨੀਤੀਗਤ ਤਬਦੀਲੀਆਂ ਨੇ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਮਾੜਾ ਅਸਰ ਪਾਇਆ ਹੈ।

### ਰਾਸ਼ਟਰੀ ਮੁੱਦਿਆਂ ਲਈ ਜ਼ਿੰਮੇਵਾਰ ਠਹਿਰਾਏ ਜਾ ਰਹੇ ਹਨ ਵਿਦਿਆਰਥੀ

ਵਿਦਿਆਰਥੀਆਂ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਪਹਿਲਾਂ ਤੋਂ ਮੌਜੂਦ ਰਾਸ਼ਟਰੀ ਮੁੱਦਿਆਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀਆਂ ਸਹੂਲਤਾਂ ਵਿਚ ਕਟੌਤੀ ਕੀਤੀ ਜਾ ਰਹੀ ਹੈ। ਕੈਨੇਡਾ ਵਿਚ ਰਿਹਾਇਸ਼ੀ ਕਿਰਾਇਆ ਵਿਚ ਵਾਧੇ ਤੇ ਮਹਿੰਗਾਈ ਲਈ ਕੌਮਾਂਤਰੀ ਵਿਦਿਰਥੀਆਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਜਦਕਿ ਅਸਲੀਅਤ ਇਹ ਹੈ ਕਿ ਇਹ ਸਮੱਸਿਆ ਬਹੁਤ ਪੁਰਾਣੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਾਟਰਲੂ ਯੂਨੀਵਰਸਿਟੀ ਵੱਲੋਂ ਹਾਲ ਹੀ ਵਿਚ ਕੀਤੇ ਗਏ ਇਕ ਤਾਜ਼ਾ ਅਧਿਐਨ ਮੁਤਾਬਕ, ਕੌਮਾਂਤਰੀ ਵਿਦਿਆਰਥੀਆਂ ਨੂੰ ਚੰਗੀ ਰਿਹਾਇਸ਼ ਲੱਭਣ ਵਿਚ ਕਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਨਾਲ ਹੀ ਨਾਲ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਵੱਖ-ਵੱਖ ਬਦਲ ਨਹੀਂ ਹੁੰਦੇ ਹਨ। ਨੀਤੀਗਤ ਤਬਦੀਲੀਆਂ ਕਾਰਨ ਬੇਯਕੀਨੀ ਕੌਮਾਂਤਰੀ ਵਿਦਿਆਰਥੀਆਂ 'ਤੇ ਵੀ ਭਾਰੀ ਪੈ ਰਹੀ ਹੈ।

### ਕੈਨੇਡਾ ਦੀ ਸਾਖ ਵੀ ਦਾਅ 'ਤੇ

ਰਿਪਰੋਟ ਮੁਤਾਬਕ ਵਧਦੀ ਅਪ੍ਰਵਾਸ ਵਿਰੋਧੀ ਬਿਆਨਬਾਜ਼ੀ ਦੀਆਂ ਖਬਰਾਂ ਵਿਚਾਲੇ ਇਕ ਲੋਕਪ੍ਰਿਯ ਅਧਿਐਨ ਸਥਾਨ ਵਜੋਂ ਕੈਨੇਡਾ ਦੀ ਸਾਖ ਵੀ ਦਾਅ 'ਤੇ ਲੱਗੀ ਹੋਈ ਹੈ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀ ਭਾਈਚਾਰੇ ਦੇ ਕਈ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ।

ਦੱਸਦੇ ਹਨ ਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਹੋਰ ਘੱਟ ਕਰਨ ਦੀ ਯੋਜਨਾ ਦੇ ਐਲਾਨ ਤੋਂ ਪਹਿਲਾਂ ਹੀ ਕਈ ਰਿਪੋਰਟਾਂ ਨੇ ਸੁਝਾਅ ਦਿੱਤਾ ਸੀ ਕਿ 2024 ਦੇ ਅਖੀਰ ਤੱਕ ਕੈਨੇਡਾ ਵਿਚ ਅਧਿਐਨ ਪਰਮਿਟ ਬਿਨੈਕਾਰਾਂ ਵਿਚ 50 ਫੀਸਦੀ ਤੋਂ ਵੱਧ ਦੀ ਗਿਰਾਵਟ ਆਏਗੀ।

### ਭਵਿੱਖ ਲਈ ਬੇਯਕੀਨੀ ਭਰਿਆ ਹੈ ਕੈਨੇਡਾ

ਹੰਬਰ ਕਾਲਜ ਦੀ ਇਕ ਭਾਰਤੀ ਵਿਦਿਆਰਥਣ ਦੇ ਹਵਾਲੇ ਨਾਲ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਜਿਹੇ ਨਿਯਮਾਂ ਦਾ ਐਲਾਨ ਹਰ ਰੋਜ਼ ਕੀਤਾ ਜਾ ਰਿਹਾ ਹੈ ਅਤੇ ਸਾਨੂੰ ਨਹੀਂ ਪਤਾ ਕਿ ਅਗਲੇ ਹਫ਼ਤੇ ਕੀ ਹੋਵੇਗਾ। ਕੈਨੇਡਾ ਵਿਚ ਸਾਡੇ ਭਵਿੱਖ ਬਾਰੇ ਬਹੁਤ ਸਾਰੀਆਂ ਬੇਯਕੀਨੀਆਂ ਹਨ। ਉਹ ਦੱਸਦੀ ਹੈ ਕਿ ਹਾਲਾਂਕਿ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 'ਤੇ ਹਾਲ ਹੀ ਵਿਚ ਐਲਾਨ ਕੀਤੀ ਗਈ ਘੱਟ ਸੀਮਾ ਸਿਰਫ ਅਗਲੇ ਸਾਲ ਦੇ ਦਾਖਲੇ 'ਤੇ ਲਾਗੂ ਹੋਵੇਗੀ, ਕੰਮ ਦੇ ਘੰਟਿਆਂ ਦੀਆਂ ਸੀਮਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ ਨੇ ਕੌਮਾਂਤਰੀ ਵਿਦਿਆਰਥੀਆਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਜ਼ਿਆਦਾ ਕਿਰਾਏ ਅਤੇ ਮਹਿੰਗੇ ਕਰਿਆਨੇ ਦੇ ਸਾਮਾਨ ਦੇ ਨਾਲ-ਨਾਲ ਸਭ ਕੁਝ ਬਹੁਤ ਮਹਿੰਗਾ ਹੋ ਰਿਹਾ ਹੈ। ਇੰਨਾ ਹੀ ਨਹੀਂ ਕੈਨੇਡਾ ਵਿਚ ਲੇਬਰ ਮਾਰਕੀਟ ਵਿਚ ਕਮੀ ਕਾਰਨ ਕੌਮਾਂਤਰੀ ਵਿਦਿਆਰਥੀਆਂ ਉੱਤੇ ਵੀ ਬੇਰੁਜ਼ਗਾਰੀ ਦਾ ਅਸਰ ਪੈ ਰਿਹਾ ਹੈ। ਇਕ ਹੋਰ ਵਿਦਿਆਰਥੀ ਨੇ ਦੱਸਿਆ ਕਿ ਉਸ ਨੇ ਕੈਨੇਡਾ ਨੂੰ ਇਸ ਲਈ ਚੁਣਿਆ ਕਿਉਂਕਿ ਇਹ ਦੂਜੇ ਦੇਸ਼ਾਂ ਨਾਲੋਂ ਸਸਤਾ ਹੈ ਅਤੇ ਪੀ. ਆਰ. ਪ੍ਰਕਿਰਿਆ ਸੌਖੀ ਹੈ, ਪਰ ਹੁਣ ਉਨ੍ਹਾਂ ਦੀ ਸੋਚ ਬਦਲ ਗਈ ਹੈ, ਇੱਥੇ ਪੀ. ਆਰ. ਪ੍ਰਾਪਤ ਕਰਨਾ ਹੁਣ ਸੌਖਾ ਨਹੀਂ ਹੈ ਅਤੇ ਇੱਥੇ ਨੌਕਰੀਆਂ ਵੀ ਨਹੀਂ ਹਨ।

## ਕੈਨੇਡਾ 'ਚ ਕੈਬਨਿਟ...

ਆਉਣ ਤੋਂ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂ ਘਰ ਦੇ ਪ੍ਰਬੰਧਕਾਂ 'ਚ ਸੇਵਾ ਨਿਭਾਈ ਅਤੇ ਉਹ ਉਨਟਾਰੀਓ ਸਿੱਖਜ਼ ਐਂਡ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਰਹਿ ਚੁੱਕੇ ਹਨ।

ਰੂਬੀ ਸਹੋਤਾ ਪਾਰਟੀਮੈਂਟ 'ਚ ਪਾਰਟੀ ਦੇ ਵਿਪ ਰਹੇ ਹਨ ਤੇ ਇਸ ਤੋਂ ਇਲਾਵਾ ਉਹ ਪਾਰਟੀ 'ਚ ਕਈ ਉਚ ਅਹੁਦਿਆਂ ਤੇ ਰਹੇ ਹਨ। ਪਿਛਲੇ ਸਮੇਂ ਦੌਰਾਨ ਉਹ ਆਪਣੇ ਜੱਦੀ ਪਿੰਡ ਜੰਡਾਲੀ ਕਲਾਂ ਗਏ ਸੀ ਤੇ ਉਹ ਅਹਿਮਦਗੜ੍ਹ ਸਥਿਤ ਵਿਸ਼ੇਸ਼ ਸੱਦੇ ਤੇ ਗਾਂਧੀ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਮਾਗਮ ਦੌਰਾਨ ਸ਼ਾਮਿਲ ਹੋਏ ਤੇ ਜਿਥੇ ਉਨ੍ਹਾਂ ਸਟਾਰ 'ਡਾਟਰ ਆਫ ਪੰਜਾਬ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਸਟੇਟ ਐਵਾਰਡੀ ਸੰਸਥਾ ਸੋਸ਼ਲ ਵੈਲ ਫੇਅਰ ਆਰਗੇਨਾਈਜੇਸ਼ਨ ਦੇ ਪ੍ਰਧਾਨ ਡਾਕਟਰ ਸੁਨੀਤ ਹਿੰਦ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਵਿੰਦਰ ਪੁਰੀ, ਅਵਤਾਰ ਸਿੰਘ ਜੱਸਲ, ਤ੍ਰਿਲੋਚਨ ਚੋਪੜਾ ਪ੍ਰਧਾਨ ਵਿਸ਼ਕਰਮਾ ਮੰਦਿਰ ਕਮੇਟੀ, ਕੌਂਸਲਰ ਕਮਲਜੀਤ ਸਿੰਘ ਉਭੀ ਨੇ ਇਸ ਨਿਯੁਕਤੀ ਦਾ ਸੁਆਗਤ ਕੀਤਾ।

ਬੀਤੇ ਸ਼ੁੱਕਰਵਾਰ ਔਟਵਾ ਵਿਖੇ ਸਹੁੰ ਚੁੱਕ ਸਮਾਗਮ ਗਵਰਨਰ ਹਾਊਸ ਵਿਖੇ ਇਕ ਸਾਦੇ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਰੂਬੀ ਸਹੋਤਾ ਸਮੇਤ ਕਈ ਹੋਰਨਾਂ ਮੰਤਰੀਆਂ ਨੂੰ ਵੀ ਸਹੁੰ ਚੁਕਾਈ ਗਈ। ਇਸ ਮੌਕੇ ਤੇ ਮਾਣਯੋਗ ਗਵਰਨਰ ਵਲੋਂ ਸਹੁੰ ਚੁਕਾਏ ਜਾਣ ਮੌਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਉਚੇਚੇ ਤੌਰ ਤੇ ਸ਼ਾਮਿਲ ਸਨ। ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਰੂਬੀ ਸਹੋਤਾ ਨਾਲ ਉਨ੍ਹਾਂ ਦਾ ਇਕਲੌਤਾ ਬੇਟਾ ਨਿਹਾਲ ਸਹੋਤਾ, ਉਨ੍ਹਾਂ ਦੇ ਪਿਤਾ ਹਰਬੰਸ ਸਿੰਘ ਜੰਡਾਲੀ ਤੇ ਮਾਤਾ ਸੁਰਿੰਦਰ ਕੌਰ, ਫਾਦਰ ਇਨ ਲਾਅ ਕੁਲਦੀਪ ਸਿੰਘ ਸਹੋਤਾ ਤੇ ਮਦਰ ਇਨ ਲਾਅ ਪੈਮ ਸਹੋਤਾ ਵਿਸ਼ੇਸ਼ ਤੌਰ ਤੇ ਸਹੁੰ ਚੁੱਕ ਸਮਾਗਮ ਵਿਚ ਬਰੈਂਪਟਨ ਤੋਂ ਔਟਵਾ ਪਹੁੰਚੇ ਸਨ। ਰੂਬੀ ਸਹੋਤਾ ਦੀ ਰਾਈਡਿੰਗ ਦੇ ਬਹੁਤ ਸਾਰੇ ਲੋਕਾਂ ਨੇ ਇਸ ਗੱਲ ਤੇ ਖੁਸ਼ੀ ਮਨਾਈ ਹੈ ਕਿ ਉਨ੍ਹਾਂ ਦੀ ਇਸ ਰਾਈਡਿੰਗ ਤੋਂ ਕੋਈ ਪਹਿਲੀ ਵਾਰ ਕੈਬਨਿਟ ਮੰਤਰੀ ਬਣਿਆ ਹੈ।










# ਅਮਰੀਕਾ 'ਚ 5 ਮਿਲੀਅਨ ਤੋਂ ਪਾਰ ਹੋਈ ਭਾਰਤੀ ਪ੍ਰਵਾਸੀਆਂ ਦੀ ਗਿਣਤੀ




ਵਾਸ਼ਿੰਗਟਨ : ਸੰਯੁਕਤ ਰਾਜ ਅਮਰੀਕਾ ਵਿਚ ਭਾਰਤੀ ਭਾਈਚਾਰਾ ਤੇਜ਼ੀ ਨਾਲ ਵਧਿਆ ਹੈ, ਹੁਣ 2000 ਵਿਚ 1.9 ਮਿਲੀਅਨ ਦੇ ਮੁਕਾਬਲੇ, 2023 ਵਿਚ 50 ਲੱਖ ਲੋਕਾਂ ਨੂੰ ਪਾਰ ਕਰ ਗਿਆ ਹੈ। ਇਹ ਭਾਈਚਾਰਾ ਵਪਾਰ, ਸੱਭਿਆਚਾਰ ਅਤੇ ਨਵੀਨਤਾ ਰਾਹੀਂ ਅਮਰੀਕਾ ਅਤੇ ਭਾਰਤ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਮੁੱਖ ਭੂਮਿਕਾ ਨਿਭਾਉਂਦਾ ਹੈ। ਯੂ.ਐੱਸ. ਸਟੇਟ ਡਿਪਾਰਟਮੈਂਟ ਵਿਚ ਹੋਏ ਇੱਕ ਤਾਜ਼ਾ ਸਮਾਗਮ ਵਿਚ, ਉਪ ਵਿਦੇਸ਼ ਸਕੱਤਰ ਰਿਚਰਡ ਆਰ. ਵਰਮਾ ਨੇ ਭਾਰਤੀ-ਅਮਰੀਕੀਆਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ 130 ਭਾਰਤੀ-ਅਮਰੀਕੀ ਬਾਇਡਨ-ਹੈਰਿਸ ਪ੍ਰਸ਼ਾਸਨ ਵਿਚ ਸੀਨੀਅਰ ਅਹੁਦਿਆਂ 'ਤੇ ਹਨ। ਕਾਰੋਬਾਰ ਵਿਚ 20% ਚੋਟੀ ਦੇ ਯੂ.ਐੱਸ. ਸਟਾਰਟਅੱਪਸ (ਜਿਨ੍ਹਾਂ ਨੂੰ ਯੂਨੀਕੋਰਨ ਕਿਹਾ ਜਾਂਦਾ ਹੈ) ਦੇ ਭਾਰਤੀ ਸੰਸਥਾਪਕ ਜਾਂ ਸਹਿ-ਸੰਸਥਾਪਕ ਹਨ। ਅਮਰੀਕਾ ਅਤੇ ਭਾਰਤ ਦੇ ਮਜ਼ਬੂਤ ਅਕਾਦਮਿਕ ਸਬੰਧ ਹਨ, ਲਗਭਗ 300 ਐਕਸਚੇਂਜ ਪ੍ਰੋਗਰਾਮ ਪ੍ਰਮੁੱਖ ਭਾਰਤੀ ਕਾਲਜਾਂ ਨੂੰ ਅਮਰੀਕਾ ਦੀਆਂ 205 ਯੂਨੀਵਰਸਿਟੀਆਂ ਨਾਲ ਜੋੜਦੇ ਹਨ। ਇਹ ਸਾਂਝੇਦਾਰੀ ਸਹਿਯੋਗ ਅਤੇ ਨਵੇਂ ਵਿਚਾਰਾਂ ਨੂੰ ਉਤਸ਼ਾਹਿਤ ਕਰਦੀਆਂ ਹਨ।

ਰਿਚਰਡ ਵਰਮਾ, ਜੋ ਕਦੇ ਭਾਰਤ ਵਿਚ ਅਮਰੀਕਾ ਦੇ ਰਾਜਦੂਤ ਸਨ, ਉਨ੍ਹਾਂ ਨੇ ਉਜਾਗਰ ਕੀਤਾ ਕਿ ਕਿਸ ਤਰ੍ਹਾਂ ਦੋਵਾਂ ਦੇਸ਼ਾਂ ਵਿਚਕਾਰ ਵਪਾਰ, ਰੱਖਿਆ, ਸਿੱਖਿਆ ਅਤੇ ਸੱਭਿਆਚਾਰਕ ਸਬੰਧਾਂ 'ਚ ਮਹੱਤਵਪੂਰਨ ਵਾਧਾ ਹੋਇਆ ਹੈ। ਦੋ-ਪੱਖੀ ਵਪਾਰ 2000 ਵਿਚ 20 ਬਿਲੀਅਨ ਡਾਲਰ ਤੋਂ ਵੱਧ ਕੇ 2023 'ਚ 195 ਬਿਲੀਅਨ ਡਾਲਰ ਹੋ ਗਿਆ ਅਤੇ 2024 ਵਿਚ 200 ਬਿਲੀਅਨ ਡਾਲਰ ਨੂੰ ਪਾਰ ਕਰਨ ਦੀ ਉਮੀਦ ਹੈ। ਰੱਖਿਆ ਸਹਿਯੋਗ ਵੀ ਨਾਟਕੀ ਢੰਗ ਨਾਲ ਫੈਲਿਆ ਹੈ, ਜੋ ਕਿ 2000 ਵਿਚ ਵਪਾਰ ਨਹੀਂ ਤੋਂ 2023 ਵਿਚ 24 ਬਿਲੀਅਨ ਡਾਲਰ ਤੱਕ ਪਹੁੰਚ ਗਿਆ ਹੈ।

ਭਾਰਤ ਹੁਣ ਮਲਾਬਾਰ (ਨੇਵਲ), ਯੁੱਧ ਅਭਿਆਸ (ਫੌਜ), ਕੋਪ ਇੰਡੀਆ (ਏਅਰ ਫੋਰਸ), ਵਜਰਾ ਵਰਗੇ ਸਾਂਝੇ ਅਭਿਆਸਾਂ ਨਾਲ ਅਮਰੀਕਾ ਦਾ ਚੋਟੀ ਦਾ ਫੌਜੀ ਭਾਈਵਾਲ ਹੈ। ਅਮਰੀਕਾ 'ਚ ਭਾਰਤੀ ਵਿਦਿਆਰਥੀ ਵੀ 2000 ਵਿਚ 54,664 ਤੋਂ ਵੱਧ ਕੇ 2023 ਵਿਚ 331,600 ਹੋ ਗਏ ਹਨ। 2023 ਵਿਚ, ਅਮਰੀਕਾ ਨੇ ਭਾਰਤ ਵਿਚ ਲੋਕਾਂ ਨੂੰ 1 ਮਿਲੀਅਨ ਤੋਂ ਵੱਧ ਵੀਜ਼ੇ ਜਾਰੀ ਕੀਤੇ, ਅਤੇ ਦੋਵੇਂ ਦੇਸ਼ ਬੋਸਟਨ, ਲਾਸ ਏਂਜਲਸ, ਬੈਂਗਲੁਰੂ ਅਤੇ ਅਹਿਮਦਾਬਾਦ ਵਰਗੇ ਸ਼ਹਿਰਾਂ ਵਿਚ ਨਵੇਂ ਕੌਂਸਲੇਟ ਖੋਲ੍ਹ ਰਹੇ ਹਨ। ਰਿਚਰਡ ਵਰਮਾ ਨੇ ਸੋਸ਼ਲ ਮੀਡੀਆ 'ਤੇ ਵਧ ਰਹੀ ਸਾਂਝੇਦਾਰੀ ਦਾ ਜਸ਼ਨ ਮਨਾਇਆ ਅਤੇ ਭਾਰਤੀ ਰਾਜਦੂਤ ਵਿਨੈ ਕਵਾਤਰਾ ਦਾ ਸਮਾਗਮ ਵਿਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ।

# ਬੰਗਲਾਦੇਸ਼ 'ਚ ਹਿੰਦੂਆਂ ਤੋਂ ਬਾਅਦ ਈਸਾਈ ਨਿਸ਼ਾਨੇ 'ਤੇ, ਕ੍ਰਿਸਮਸ ਵਾਲੇ ਦਿਨ ਬਦਮਾਸ਼ਾਂ ਨੇ 17 ਘਰਾਂ ਨੂੰ ਲਾਈ ਅੱਗ



ਈਸਾਈ ਭਾਈਚਾਰੇ 'ਤੇ ਹੁਣ ਤੱਕ ਦਾ ਸਭ ਤੋਂ ਵੱਡਾ ਹਮਲਾ ਬੰਗਲਾਦੇਸ਼ ਦੇ ਬੰਦਰਬਨ ਜ਼ਿਲ੍ਹੇ ਦੇ ਲਾਮਾ ਇਲਾਕੇ 'ਚ ਹੋਇਆ ਹੈ। ਬਦਮਾਸ਼ਾਂ ਨੇ ਤ੍ਰਿਪੁਰਾ ਭਾਈਚਾਰੇ ਦੇ 17 ਘਰਾਂ ਨੂੰ ਅੱਗ ਲਗਾ ਦਿੱਤੀ। ਇਹ ਘਟਨਾ 25 ਦਸੰਬਰ ਦੀ ਸਵੇਰ ਦੀ ਹੈ, ਜਦੋਂ ਪਿੰਡ ਵਾਸੀ ਕ੍ਰਿਸਮਿਸ ਮਨਾਉਣ ਲਈ ਗੁਆਂਢੀ ਪਿੰਡ ਵਿਖੇ ਗਏ ਹੋਏ ਸਨ। ਤੋਂਗਜੀਰੀ ਇਲਾਕੇ ਦੇ ਨਿਊ ਬੇਟਾਚਾਰਾ ਪਾੜਾ ਪਿੰਡ ਵਿਚ ਈਸਾਈ ਭਾਈਚਾਰੇ ਦੇ ਲੋਕ ਰਹਿੰਦੇ ਹਨ। ਪਿੰਡ ਵਿਚ ਕੋਈ ਚਰਚ ਨਾ ਹੋਣ ਕਾਰਨ ਹਰ ਕੋਈ ਕ੍ਰਿਸਮਸ ਦੀ ਪ੍ਰਾਰਥਨਾ ਲਈ ਦੂਜੇ ਪਿੰਡ ਚਲਾ ਗਿਆ ਸੀ। ਇਸੇ ਦੌਰਾਨ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸ਼ਰਾਰਤੀ ਅਨਸਰਾਂ ਨੇ ਤੜਕੇ ਹੀ ਪਿੰਡ ਵਿਚ ਆ ਕੇ ਘਰਾਂ ਨੂੰ ਅੱਗ ਲਗਾ ਦਿੱਤੀ।

ਇਸ ਹਮਲੇ ਵਿਚ 19 ਵਿੱਚੋਂ 17 ਘਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ। ਇਕ ਰਿਪੋਰਟ ਮੁਤਾਬਕ ਇਸ ਹਮਲੇ ਵਿਚ ਪਿੰਡ ਦੇ ਲੋਕਾਂ ਦਾ 15 ਲੱਖ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

### ਪਹਿਲਾਂ ਵੀ ਮਿਲੀਆਂ ਸਨ ਧਮਕੀਆਂ

ਪਿੰਡ ਦੇ ਲੋਕਾਂ ਨੇ ਦੱਸਿਆ ਕਿ ਇਹ ਹਮਲਾ ਅਚਾਨਕ ਨਹੀਂ ਹੋਇਆ। 17 ਨਵੰਬਰ ਨੂੰ ਬਦਮਾਸ਼ਾਂ ਨੇ ਉਨ੍ਹਾਂ ਨੂੰ ਪਿੰਡ ਖਾਲੀ ਕਰਨ ਦੀ ਧਮਕੀ ਦਿੱਤੀ ਸੀ। ਗੰਗਾ ਮਨੀ ਤ੍ਰਿਪੁਰਾ ਨਾਂ ਦੇ ਵਿਅਕਤੀ ਨੇ ਲਾਮਾ ਪੁਲਸ ਸਟੇਸ਼ਨ 'ਚ ਇਸ ਧਮਕੀ ਵਿਰੁੱਧ ਐੱਫਆਈਆਰ ਦਰਜ ਕਰਵਾਈ ਸੀ। ਐੱਫਆਈਆਰ ਵਿਚ 15 ਲੋਕਾਂ ਦੇ ਨਾਂ ਸ਼ਾਮਲ ਸਨ, ਪਰ ਪੁਲਸ ਨੇ ਕੋਈ ਕਾਰਵਾਈ ਨਹੀਂ ਕੀਤੀ।

### ਪੀੜਤਾਂ ਦੀ ਹਾਲਤ

ਹਮਲੇ ਤੋਂ ਬਾਅਦ ਹੁਣ ਪਿੰਡ ਦੇ ਸਾਰੇ ਪਰਿਵਾਰ ਖੁੱਲ੍ਹੇ ਅਸਮਾਨ ਹੇਠ ਰਹਿਣ ਲਈ ਮਜਬੂਰ ਹਨ। ਪੀੜਤ ਗੁੰਗਾਮਣੀ ਤ੍ਰਿਪੁਰਾ ਨੇ ਕਿਹਾ, "ਸਾਡੇ ਘਰ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਹਨ। ਅਸੀਂ ਕੁਝ ਵੀ ਨਹੀਂ ਬਚਾ ਸਕੇ। ਹੁਣ ਸਾਡੇ ਕੋਲ ਸਿਰ ਛੁਪਾਉਣ ਲਈ ਵੀ ਜਗ੍ਹਾ ਨਹੀਂ ਹੈ।"

### ਪ੍ਰਸ਼ਾਸਨ ਨੇ ਧਾਰੀ ਚੁੱਪ

ਪੀੜਤਾਂ ਅਨੁਸਾਰ ਇਸ ਘਟਨਾ ਦੇ ਬਾਵਜੂਦ ਪ੍ਰਸ਼ਾਸਨ ਅਤੇ ਪੁਲਸ ਨੇ ਅਜੇ ਤੱਕ ਕੋਈ ਕਦਮ ਨਹੀਂ ਚੁੱਕਿਆ। ਪਹਿਲਾਂ ਧਮਕੀਆਂ ਮਿਲਣ ਅਤੇ ਐੱਫਆਈਆਰ ਦਰਜ ਕਰਨ ਦੇ ਬਾਵਜੂਦ ਪੁਲਸ ਨੇ ਹਮਲਾਵਰਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ, ਜਿਸ ਕਾਰਨ ਲੋਕਾਂ ਵਿਚ ਗੁੱਸਾ ਅਤੇ ਡਰ ਦੋਵੇਂ ਵੱਧ ਗਏ ਹਨ।

### ਧਾਰਮਿਕ ਘੱਟ ਗਿਣਤੀਆਂ 'ਤੇ ਵੱਧ ਰਹੇ ਹਮਲੇ

ਇਹ ਘਟਨਾ ਬੰਗਲਾਦੇਸ਼ ਵਿਚ ਧਾਰਮਿਕ ਘੱਟ ਗਿਣਤੀਆਂ ਵਿਰੁੱਧ ਵੱਧ ਰਹੇ ਅੱਤਿਆਚਾਰਾਂ ਦਾ ਹਿੱਸਾ ਹੈ। ਜਿੱਥੇ ਪਹਿਲਾਂ ਹਿੰਦੂ ਭਾਈਚਾਰੇ 'ਤੇ ਹਮਲੇ ਹੋ ਰਹੇ ਸਨ, ਉਥੇ ਹੁਣ ਈਸਾਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

# ਕੈਨੇਡਾ 'ਚ ਪੱਕੇ ਹੋਣ ਦਾ ਰਾਹ ਹੋਇਆ ਮੁਸ਼ਕਿਲ, ਸਰਕਾਰ ਨੇ ਬਦਲੇ ਇਹ ਨਿਯਮ



ਇੱਕ ਹੋਰ ਵੱਡਾ ਝਟਕਾ ਦਿੰਦੇ ਹੋਏ, ਕੈਨੇਡਾ ਸਰਕਾਰ ਨੇ ਐਲਾਨ ਕੀਤਾ ਹੈ ਕਿ 2025 ਤੋਂ, ਐਕਸਪ੍ਰੈਸ ਐਂਟਰੀ ਦੇ ਤਹਿਤ ਪਰਮਾਨੈਂਟ ਰੈਜ਼ੀਡੈਂਸੀ (PR) ਲਈ ਅਪਲਾਈ ਕਰਨ ਵਾਲਿਆਂ ਨੂੰ ਨੌਕਰੀ ਦੀ ਪੇਸ਼ਕਸ਼ 'ਤੇ ਵਾਧੂ 50 ਤੋਂ ਲੈਕੇ 200 ਅੰਕਾਂ ਦਾ ਲਾਭ ਨਹੀਂ ਮਿਲੇਗਾ।

ਕੈਨੇਡਾ ਜਾਣ ਦੇ ਇਛੁੱਕ ਪਰਵਾਸੀਆਂ ਲਈ ਨਵੇਂ ਇਮੀਗ੍ਰੇਸ਼ਨਾਂ ਨਿਯਮਾਂ ਵਿੱਚ ਕੀਤੇ ਬਦਲਾਅ ਨਾਲ ਪੀਆਰ ਦਾ ਰਾਹ ਥੋੜ੍ਹਾ ਕਠਿਨ ਹੋਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਇਸ ਸਬੰਧੀ ਕੈਨੇਡਾ ਸਰਕਾਰ ਨੇ ਆਪਣੀ ਅਧਿਕਾਰਤ ਵੈੱਬਸਾਈਟ ਉਪਰ ਬਿਆਨ ਜਾਰੀ ਕਰ ਕੇ ਕੀਤੀਆਂ ਨਵੀਆਂ ਤਬਦੀਲੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਪਰਵਾਸ ਨੀਤੀ ਦੇ ਨਿਯਮਾਂ ਵਿੱਚ ਹੋਏ ਕੁਝ ਬਦਲਾਅ ਦਾ ਐਲਾਨ ਕੀਤਾ ਹੈ। ਕੈਨੇਡਾ ਦਾ ਐਕਸਪ੍ਰੈੱਸ ਐਂਟਰੀ ਸਿਸਟਮ ਇਹ ਯਕੀਨੀ ਬਣਾਉਂਦਾ ਹੈ ਕਿ ਕੈਨੇਡਾ ਕੋਲ ਆਰਥਿਕਤਾ ਵਧਾਉਣ ਲਈ ਹੁਨਰਵੰਦ ਕਾਮੇ ਹਨ। ਨਿਯਮਾਂ ਵਿੱਚ ਕੀਤੀਆਂ ਇਹ ਤਬਦੀਲੀਆਂ ਚੰਗੀ ਤਰ੍ਹਾਂ ਪ੍ਰਬੰਧਿਤ ਅਤੇ ਨਿਰਪੱਖ ਇਮੀਗ੍ਰੇਸ਼ਨ ਪ੍ਰਣਾਲੀ ਦਾ ਸਮਰਥਨ ਕਰਦੀਆਂ ਹਨ। ਇਸ ਦਾ ਸਭ ਤੋਂ ਵੱਡਾ ਝਟਕਾ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਮਹਿਸੂਸ ਹੋਣ ਵਾਲਾ ਹੈ, ਜਿਨ੍ਹਾਂ ਨੇ ਨੌਕਰੀ ਦੀਆਂ ਪੇਸ਼ਕਸ਼ਾਂ ਤੋਂ ਬਾਅਦ ਪੀਆਰ ਲਈ ਅਪਲਾਈ ਕੀਤਾ ਹੈ। ਕੈਨੇਡਾ ਇਮੀਗ੍ਰੇਸ਼ਨ ਵਿਭਾਗ ਨੇ ਕਿਹਾ ਕਿ ਇਹ ਕਦਮ ਉਨ੍ਹਾਂ ਉਮੀਦਵਾਰਾਂ 'ਤੇ ਲਾਗੂ ਹੋਵੇਗਾ ਜੋ ਐਕਸਪ੍ਰੈਸ ਐਂਟਰੀ ਰਾਹੀਂ ਪੀਆਰ ਪ੍ਰਾਪਤ ਕਰਨ ਦੀ ਯੋਜਨਾ ਬਣਾ ਰਹੇ ਹਨ।

ਮਾਹਿਰਾਂ ਨੇ ਇਸ ਕਦਮ ਨੂੰ ਧੋਖਾਧੜੀ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਦੱਸਿਆ, ਪਰ ਕਿਹਾ ਕਿ ਇਹ ਅਸਲ ਹੁਨਰ ਵਾਲੇ ਬਿਨੈਕਾਰਾਂ ਅਤੇ ਉਨ੍ਹਾਂ ਦੇ ਮਾਲਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਰਕਾਰ ਨੂੰ ਇੱਕ ਬਿਹਤਰ ਸਕਰੀਨਿੰਗ ਪ੍ਰਕਿਰਿਆ ਅਪਨਾਉਣੀ ਚਾਹੀਦੀ ਹੈ ਅਤੇ ਉਹਨਾਂ ਨੌਕਰੀਆਂ ਦੀ ਪੇਸ਼ਕਸ਼ ਦੀ ਗਿਣਤੀ ਨੂੰ ਸਿੱਧੇ ਤੌਰ 'ਤੇ ਖਤਮ ਨਹੀਂ ਕਰਨਾ ਚਾਹੀਦਾ ਹੈ। ਇਸ ਸਮੇਂ, ਲਗਭਗ 1 ਲੱਖ 35 ਹਜ਼ਾਰ ਪੀਆਰ ਅਰਜ਼ੀਆਂ ਹਨ, ਜਿਨ੍ਹਾਂ ਵਿੱਚ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ।

# ਗਾਜ਼ਾ 'ਚ ਇਜ਼ਰਾਈਲੀ ਹਮਲੇ 'ਚ ਪੰਜ ਫ਼ਲਸਤੀਨੀ ਪੱਤਰਕਾਰਾਂ ਦੀ ਮੌਤ



ਬੀਤੀ ਰਾਤ ਗਾਜ਼ਾ ਪੱਟੀ ਵਿਚ ਇਕ ਹਸਪਤਾਲ ਦੇ ਬਾਹਰ ਇਜ਼ਰਾਈਲੀ ਹਮਲੇ 'ਚ ਪੰਜ ਫ਼ਲਸਤੀਨੀ ਪੱਤਰਕਾਰ ਮਾਰੇ ਗਏ। ਸਿਹਤ ਮੰਤਰਾਲੇ ਨੇ ਵੀਰਵਾਰ ਸਵੇਰੇ ਇਹ ਜਾਣਕਾਰੀ ਦਿਤੀ।

ਇਹ ਹਮਲਾ ਮੱਧ ਗਾਜ਼ਾ ਵਿਚ ਨੁਸੀਰਤ ਸ਼ਰਨਾਰਥੀ ਕੈਂਪ ਵਿਚ ਬਣੇ ਅਲ-ਅਵਦਾ ਹਸਪਤਾਲ ਦੇ ਬਾਹਰ ਇਕ ਕਾਰ ਉੱਤੇ ਹੋਇਆ। ਪੱਤਰਕਾਰ ਸਥਾਨਕ ਕੁਦਸ ਨਿਊਜ਼ ਨੈੱਟਵਰਕ ਲਈ ਕੰਮ ਕਰਦੇ ਸਨ। ਕੁਦਸ ਨਿਊਜ਼ ਨੈੱਟਵਰਕ ਨੇ ਵੀ ਹਮਲੇ ਦੀ ਜਾਣਕਾਰੀ ਦਿਤੀ ਹੈ। ਇਸ ਸਬੰਧੀ ਇਜ਼ਰਾਇਲੀ ਫ਼ੌਜ ਵਲੋਂ ਤੁਰਤ ਕੋਈ ਪ੍ਰਤੀਕਿਰਿਆ ਨਹੀਂ ਆਈ।

ਦਖਣੀ ਇਜ਼ਰਾਈਲ 'ਤੇ ਹਮਾਸ ਦੇ ਅਚਾਨਕ ਹਮਲੇ ਤੋਂ ਬਾਅਦ, ਇਜ਼ਰਾਈਲ ਕਰੀਬ 15 ਮਹੀਨਿਆਂ ਤੋਂ ਕੱਟੜਪੰਥੀ ਸਮੂਹ ਨਾਲ ਜੰਗ ਲੜ ਰਿਹਾ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਸਿਰਫ਼ ਅਤਿਵਾਦੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ ਅਤੇ ਆਮ ਨਾਗਰਿਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਹਾਲਾਂਕਿ ਇਸਦੇ ਹਮਲਿਆਂ ਵਿਚ ਬਹੁਤ ਸਾਰੀਆਂ ਔਰਤਾਂ ਅਤੇ ਬੱਚੇ ਮਾਰੇ ਗਏ ਹਨ।

# ਕਾਂਗੋ ਦੀ ਬੁਸੀਰਾ ਨਦੀ 'ਚ ਕਿਸ਼ਤੀ ਪਲਟੀ, 38 ਮੌਤਾਂ, 100 ਤੋਂ ਵੱਧ ਲਾਪਤਾ



ਕਾਂਗੋ ਵਿਚ ਬੁਸੀਰਾ ਨਦੀ ਵਿਚ ਸ਼ੁਕਰਵਾਰ ਦੇਰ ਰਾਤ ਇਕ ਭਿਆਨਕ ਕਿਸ਼ਤੀ ਹਾਦਸਾ ਵਾਪਰਿਆ, ਜਿਸ ਵਿੱਚ 38 ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਲੋਕ ਲਾਪਤਾ ਹਨ। ਜਾਣਕਾਰੀ ਮੁਤਾਬਕ ਕ੍ਰਿਸਮਿਸ ਲਈ ਘਰ ਪਰਤ ਰਹੇ ਯਾਤਰੀਆਂ ਨਾਲ ਭਰੀ ਕਿਸ਼ਤੀ ਨਦੀ 'ਚ ਪਲਟ ਗਈ, ਜਿਸ ਕਾਰਨ ਵੱਡਾ ਹਾਦਸਾ ਵਾਪਰ ਗਿਆ।

ਰਾਹਤ ਅਤੇ ਬਚਾਅ ਟੀਮਾਂ ਲਾਪਤਾ ਲੋਕਾਂ ਦੀ ਭਾਲ ਵਿਚ ਜੁਟੀਆਂ ਹੋਈਆਂ ਹਨ। ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖ਼ਦਸ਼ਾ ਹੈ। ਸਥਾਨਕ ਅਧਿਕਾਰੀਆਂ ਅਤੇ ਗਵਾਹਾਂ ਨੇ ਦੁਖਦਾਈ ਘਟਨਾ ਦੀ ਪੁਸ਼ਟੀ ਕੀਤੀ ਹੈ, ਜੋ ਕਿ ਦੇਸ਼ ਦੇ ਉੱਤਰ-ਪੂਰਬ ਵਿਚ ਇਕ ਅਜਿਹੀ ਘਟਨਾ ਤੋਂ ਕੁਝ ਦਿਨ ਬਾਅਦ ਆਈ ਹੈ, ਜਿੱਥੇ ਇਕ ਹੋਰ ਕਿਸ਼ਤੀ ਪਲਟ ਗਈ, ਜਿਸ ਵਿਚ 25 ਲੋਕਾਂ ਦੀ ਮੌਤ ਹੋ ਗਈ ਸੀ।

ਖੋਜ ਅਤੇ ਬਚਾਅ ਯਤਨ ਜਾਣਕਾਰੀ ਮੁਤਾਬਕ ਹੁਣ ਤਕ 20 ਲੋਕਾਂ ਨੂੰ ਬਚਾਇਆ ਜਾ ਚੁਕਾ ਹੈ, ਹਾਲਾਂਕਿ ਬਚੇ ਲੋਕਾਂ ਦੀ ਭਾਲ ਜਾਰੀ ਹੈ। ਕਿਸ਼ਤੀ ਕਾਂਗੋ ਦੇ ਉੱਤਰ-ਪੂਰਬ ਤੋਂ ਲੰਘਣ ਵਾਲੇ ਜਹਾਜ਼ਾਂ ਦੇ ਕਾਫ਼ਲੇ ਦਾ ਹਿੱਸਾ ਸੀ। ਜਾਣਕਾਰੀ ਮੁਤਾਬਕ ਕਿਸ਼ਤੀ 'ਤੇ ਸਵਾਰ ਯਾਤਰੀ ਮੁੱਖ ਤੌਰ 'ਤੇ ਕਾਰੋਬਾਰੀ ਸਨ ਜੋ ਛੁੱਟੀਆਂ ਦੇ ਮੌਸਮ 'ਚ ਘਰ ਜਾ ਰਹੇ ਸਨ। ਕਿਸ਼ਤੀ ਵਿਚ 400 ਤੋਂ ਵੱਧ ਲੋਕ ਸਵਾਰ ਸਨ। ਇਸ ਓਵਰਲੋਡਿੰਗ ਕਾਰਨ ਕਿਸ਼ਤੀ ਅਚਾਨਕ ਪਲਟ ਗਈ। ਮਰਨ ਵਾਲਿਆਂ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ।

ਕਾਂਗੋ ਦੀ ਜਲ ਆਵਾਜਾਈ ਪ੍ਰਣਾਲੀ ਵਿਚ ਓਵਰਲੋਡਿੰਗ ਲੰਬੇ ਸਮੇਂ ਤੋਂ ਇਕ ਗੰਭੀਰ ਮੁੱਦਾ ਰਿਹਾ ਹੈ। ਅਧਿਕਾਰੀਆਂ ਦੀਆਂ ਲਗਾਤਾਰ ਚੇਤਾਵਨੀਆਂ ਅਤੇ ਸੁਰੱਖਿਆ ਨਿਯਮਾਂ ਨੂੰ ਲਾਗੂ ਕਰਨ ਦੇ ਵਾਅਦਿਆਂ ਦੇ ਬਾਵਜੂਦ, ਦੂਰ-ਦੁਰਾਡੇ ਦੇ ਖੇਤਰਾਂ ਵਿਚ ਬਹੁਤ ਸਾਰੇ ਯਾਤਰੀਆਂ ਕੋਲ ਬਹੁਤ ਘੱਟ ਵਿਕਲਪ ਹੈ। ਕਾਂਗੋ ਵਿਚ ਓਵਰਲੋਡ ਕਿਸ਼ਤੀਆਂ ਦਾ ਮੁੱਦਾ ਲਗਾਤਾਰ ਵਧਦਾ ਜਾ ਰਿਹਾ ਹੈ।

# ਅਮਰੀਕਾ 'ਚ ਸਮਲਿੰਗੀ ਜੋੜੇ ਨੂੰ ਹੋਈ 100 ਸਾਲ ਦੀ ਸਜ਼ਾ





ਜਾਰਜੀਆ: ਅਮਰੀਕਾ ਦੇ ਜਾਰਜੀਆ 'ਚ ਇਕ ਸਮਲਿੰਗੀ ਜੋੜੇ ਨੂੰ ਅਦਾਲਤ ਨੇ ਸਜ਼ਾ ਸੁਣਾਈ ਹੈ। ਸਮਲਿੰਗੀ ਜੋੜੇ ਨੂੰ ਆਪਣੇ ਪੁੱਤਰਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ 100 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਨਿਊਯਾਰਕ ਪੋਸਟ ਨੇ ਵਾਲਟਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫ਼ਤਰ ਦੇ ਹਵਾਲੇ ਨਾਲ ਦੱਸਿਆ ਕਿ ਦੋ ਮੁਲਜ਼ਮਾਂ, ਵਿਲੀਅਮ ਡੇਲ ਜ਼ੁਲੌਕ ਤੇ ਜ਼ੈਕਰੀ ਜ਼ੁਲੌਕ ਨੂੰ ਸਜ਼ਾ ਸੁਣਾਈ ਗਈ ਹੈ।

ਵਿਲੀਅਮ ਦੀ ਉਮਰ 34 ਸਾਲ ਹੈ, ਜਦਕਿ ਜ਼ੈਕਰੀ ਦੀ ਉਮਰ 36 ਸਾਲ ਦੱਸੀ ਜਾ ਰਹੀ ਹੈ। ਉਸ ਨੇ ਦੋ ਭਰਾਵਾਂ ਨੂੰ ਗੋਦ ਲਿਆ, ਜੋ ਹੁਣ 12 ਅਤੇ 10 ਸਾਲ ਦੇ ਹਨ। ਬੱਚੇ ਦਾ ਪਾਲਣ ਪੋਸ਼ਣ ਅਮੀਰ ਅਟਲਾਂਟਾ ਉਪਨਗਰ 'ਚ ਸਮਲਿੰਗੀ ਜੋੜੇ ਵੱਲੋਂ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਵਾਲਟਨ ਕਾਉਂਟੀ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ ਗੂਗਲ ਅਕਾਊਂਟ 'ਤੇ ਸਾਲ 2022 'ਚ ਬੱਚਿਆਂ ਨਾਲ ਜਬਰ ਜਨਾਹ ਸਬੰਧੀ ਕੰਟੈਂਟ ਅਪਲੋਡ ਕੀਤਾ ਗਿਆ ਹੈ।

ਜਾਂਚ ਦੌਰਾਨ ਪੁਲਿਸ ਨੇ ਹੰਟਰ ਲਾਅਲੇਸ ਨਾਂ ਦੇ ਵਿਅਕਤੀ ਨੂੰ ਫੜਿਆ, ਜਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਜ਼ੈਕਰੀ ਜ਼ੁਲੌਕ ਨਾਂ ਦੇ ਨੌਜਵਾਨ ਨੇ ਇਤਰਾਜ਼ਯੋਗ ਸਮੱਗਰੀ ਭੇਜੀ ਸੀ। ਪੁਲਿਸ ਨੇ ਜਦੋਂ ਇਸਦੀ ਜਾਂਚ ਕੀਤੀ ਤਾਂ ਸੱਚ ਸਾਹਮਣੇ ਆਇਆ ਜਿਸ ਨੂੰ ਸੁਣ ਕੇ ਹਰ ਕੋਈ ਹੈਰਾਨ ਰਹਿ ਜਾਵੇਗਾ।

ਪੁਲਿਸ ਨੇ ਬਾਲ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਦੋ ਦੋਸ਼ੀਆਂ, ਜ਼ੈਕਰੀ ਜ਼ੁਲੌਕ ਤੇ ਵਿਲੀਅਮ ਡੇਲ ਜ਼ੁਲੌਕ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਸਮਲਿੰਗੀ ਸਨ ਤੇ ਜੋੜੇ ਦੇ ਤੌਰ 'ਤੇ ਇਕੱਠੇ ਰਹਿੰਦੇ ਸਨ। ਦੋਵਾਂ ਨੇ ਗੋਦ ਲਏ ਦੋ ਬੱਚਿਆਂ ਨਾਲ ਜਬਰ ਜਨਾਹ ਕੀਤਾ।

ਇਨ੍ਹਾਂ ਦੋਨਾਂ (ਜ਼ੈਕਰੀ ਜ਼ੁਲੌਕ ਤੇ ਵਿਲੀਅਮ ਡੇਲ) ਨੇ ਪੁਲਿਸ ਨੂੰ ਦੱਸਿਆ ਕਿ ਜ਼ੈਕਰੀ ਨੇ ਇਕ ਵਾਰ ਸਨੈਪਚੈਟ 'ਤੇ ਬੱਚਿਆਂ ਨਾਲ ਛੇੜਛਾੜ ਦੀ ਇਕ ਤਸਵੀਰ ਸਾਂਝੀ ਕੀਤੀ ਸੀ, ਇਸ ਦੇ ਨਾਲ ਉਸ ਨੇ ਲਿਖਿਆ, 'ਮੈਂ ਅੱਜ ਰਾਤ ਆਪਣੇ ਬੇਟੇ ਨਾਲ ਕੁਝ ਗਲਤ ਕਰਨ ਕਰਨ ਜਾ ਰਿਹਾਂ। ਇਸ ਤੋਂ ਇਲਾਵਾ ਰਿਪੋਰਟ 'ਚ ਕਿਹਾ ਗਿਆ ਹੈ ਕਿ ਦੋਵਾਂ ਮੁਲਜ਼ਮਾਂ ਨੇ ਸਥਾਨਕ ਪੀਡੋਫਾਈਲ ਸੈ-ਕਸ ਰਿੰਗ 'ਚ ਆਪਣੇ ਦੋਵਾਂ ਭਰਾਵਾਂ ਨਾਲ ਜਬਰ ਜਨਾਹ ਦੇ ਮਾਮਲੇ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਾਂਝਾ ਕੀਤਾ।









# ਯੂ.ਕੇ. 'ਚ 'ਲਾਕਡਾਊਨ' ਦੇ ਝੰਬੇ ਲੇਖਰਾਜ ਲਈ ਜੀਵਨ ਰੇਖਾ ਬਣੀ ਯੂਨਾਈਟਡ ਸਿੱਖਜ਼



ਲੰਡਨ : ਯੂਨਾਈਟਡ ਕਿੰਗਡਮ 'ਚ ਆ ਕੇ ਕੋਵਿਡ-19 ਕਾਰਨ ਤੰਗੀਆਂ-ਤੁਰਸੀਆਂ ਦਾ ਸਾਹਮਣਾ ਕਰ ਰਹੇ ਲੇਖਰਾਜ ਦੇ ਚਿਹਰੇ 'ਤੇ ਕੌਮਾਂਤਰੀ ਸੰਸਥਾ ਯੂਨਾਈਟਡ ਸਿੱਖਜ਼ ਇਕ ਵਾਰੀ ਮੁੜ ਮੁਸਕੁਰਾਹਟ ਲੈ ਕੇ ਆਈ ਹੈ। ਯੂਨਾਈਟਡ ਸਿੱਖਜ਼ ਦਾ ਯੂ.ਕੇ. ਹੈਲਪਡੈਸਕ (ਯੂਨਾਈਟਿਡ ਹਿਊਮੈਨੀਟੇਰੀਅਨ ਸਿੱਖ ਏਡ ਦਾ ਇਕ ਪ੍ਰੋਜੈਕਟ, ਅੰਤਰਰਾਸ਼ਟਰੀ ਸੰਗਠਨ, ਯੂਨਾਈਟਿਡ ਸਿੱਖਜ਼ ਦਾ ਯੂ.ਕੇ. ਪ੍ਰੋਜੈਕਟ) ਉਨ੍ਹਾਂ ਵਿਅਕਤੀਆਂ ਲਈ ਜੀਵਨ ਰੇਖਾ ਹੈ ਜੋ ਅਕਲਪਣਯੋਗ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ।

ਲੇਖਰਾਜ 2019 'ਚ ਛੇ ਮਹੀਨਿਆਂ ਦੇ ਵੀਜ਼ੇ 'ਤੇ ਯੂ.ਕੇ. ਆਏ ਸਨ ਪਰ ਉਨ੍ਹਾਂ ਦੇ ਆਉਣ ਮਗਰੋਂ ਇਥੇ ਲਾਕਡਾਊਨ ਲੱਗ ਗਿਆ ਜਿਸ ਕਾਰਨ ਉਨ੍ਹਾਂ ਨੂੰ ਕੰਮ ਮਿਲਣਾ ਮੁਸ਼ਕਲ ਹੋ ਗਿਆ। ਉਸ ਸਮੇਂ ਉਨ੍ਹਾਂ ਦੀ ਹਾਲਤ ਏਨੀ ਖ਼ਰਾਬ ਸੀ ਕਿ ਕਮਰੇ ਦਾ ਕਿਰਾਇਆ ਭਰਨਾ ਤਾਂ ਦੂਰ, ਉਨ੍ਹਾਂ ਨੂੰ ਪੇਟ ਭਰਨ ਲਈ ਵੀ ਗੁਰਦਵਾਰਿਆਂ ਦੇ ਲੰਗਰ ਦਾ ਸਹਾਰਾ ਲੈਣਾ ਪਿਆ। ਛੇ ਮਹੀਨੇ ਦਾ ਵੀਜ਼ਾ ਖ਼ਤਮ ਹੋਣ ਮਗਰੋਂ ਉਨ੍ਹਾਂ ਨੂੰ ਇੱਥੇ ਕੰਮ ਮਿਲਣਾ ਵੀ ਮੁਸ਼ਕਲ ਹੋ ਗਿਆ ਸੀ। ਉਹ ਵਾਪਸ ਅਪਣੇ ਮੁਲਕ ਭਾਰਤ ਪਰਤਣਾ ਚਾਹੁੰਦੇ ਸਨ ਪਰ ਇਸ ਲਈ ਉਨ੍ਹਾਂ ਕੋਲ ਖ਼ਰਚ ਦਾ ਇੰਤਜ਼ਾਮ ਵੀ ਨਹੀਂ ਹੋ ਪਾ ਰਿਹਾ ਸੀ। ਇਸ ਖੱਜਲ-ਖੁਆਰੀ ਵਿਚਕਾਰ ਉਨ੍ਹਾਂ ਨੂੰ ਕਿਸੇ ਸ਼ੁੱਭਚਿੰਤਕ ਨੇ ਯੂਨਾਈਟਡ ਸਿੱਖਜ਼ ਬਾਰੇ ਦਸਿਆ ਜੋ ਕਿ ਹਰ ਮੰਗਲਵਾਰ ਨੂੰ ਲੋੜਵੰਦਾਂ ਦੀ ਮਦਦ ਲਈ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 2-8, ਪਾਰਕ ਐਵੀਨਿਊ, ਸਾਊਥਾਲ ਵਿਖੇ ਹੈਲਪਡੈਸਕ ਚਲਾਉਂਦਾ ਹੈ।

ਯੂਨਾਈਟਡ ਸਿੱਖਜ਼ ਨਾਲ ਮਿਲਣ ਮਗਰੋਂ ਉਨ੍ਹਾਂ ਦੀ ਜ਼ਿੰਦਗੀ 'ਚ ਆਸ ਦੀ ਇਕ ਕਿਰਨ ਜਾਗ ਪਈ। ਯੂਨਾਈਟਡ ਸਿੱਖਜ਼ ਨੇ ਨਾ ਸਿਰਫ਼ ਲੇਖਰਾਜ ਦੀ ਟਿਕਟ ਖ਼ਰੀਦਣ 'ਚ ਮਦਦ ਕੀਤੀ ਬਲਕਿ ਘਰ ਪਰਤਣ ਮਗਰੋਂ ਵਿੱਤੀ ਮਦਦ ਲਈ 3000 ਪਾਊਂਡ ਦੇਣ ਦਾ ਵੀ ਪ੍ਰਬੰਧ ਕੀਤਾ।

ਯੂ.ਕੇ. ਦੀ ਸੋਸ਼ਲ ਸਰਵੀਸਿਜ਼ ਦੇ ਡਾਇਰੈਕਟਰ ਨਰਪਿੰਦਰ ਕੌਰ ਮਾਨ ਨੇ ਲੇਖਰਾਜ ਨੂੰ ਉਨ੍ਹਾਂ ਦੀ ਮਰਜ਼ੀ ਅਨੁਸਾਰ ਭਾਰਤ 'ਚ ਵਾਪਸ ਭੇਜਣ ਦਾ ਪ੍ਰਬੰਧ ਕਰਨ ਲਈ ਅਣਥੱਕ ਮਿਹਨਤ ਕੀਤੀ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ ਦੀ ਟਿਕਟ ਸਮੇਤ ਅਤੇ ਹੋਰ ਦਸਤਾਵੇਜ਼ ਮੁਹੱਈਆ ਕਰਵਾਏ। ਯੂ.ਕੇ. ਤੋਂ ਤੁਰਨ ਲਗਿਆਂ ਲੇਖਰਾਜ ਏਨੇ ਖ਼ੁਸ਼ ਸਨ ਕਿ ਯੂਨਾਈਟਡ ਸਿੱਖਜ਼ ਦਾ ਧਨਵਾਦ ਕਰਨ ਲਈ ਉਹ ਮਠਿਆਈਆਂ ਦਾ ਡੱਬਾ ਵੀ ਲੈ ਕੇ ਆਏ।

ਜ਼ਿਕਰਯੋਗ ਹੈ ਕਿ ਯੂਨਾਈਟਡ ਸਿੱਖਜ਼ ਨੇ 2024 ਵਿੱਚ 700 ਤੋਂ ਵੱਧ ਆਪਣੀ ਮਰਜ਼ੀ ਨਾਲ ਵਾਪਸ ਭੇਜੇ ਗਏ ਲੋਕਾਂ ਦੀ ਮਦਦ ਕੀਤੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ। ਸੜਕਾਂ 'ਤੇ ਸੰਘਰਸ਼ ਕਰਨ ਤੋਂ ਲੈ ਕੇ ਇੱਜ਼ਤ ਅਤੇ ਉਮੀਦ ਨਾਲ ਘਰ ਜਾਣ ਲਈ ਉਡਾਣ ਭਰਨ ਤੱਕ, ਇਹ ਯਾਤਰਾਵਾਂ ਮਨੁੱਖਤਾ ਅਤੇ ਹਮਦਰਦੀ ਦੀ ਸ਼ਕਤੀ ਦਾ ਸਬੂਤ ਹਨ।

# ਪੰਜਾਬ-ਚੰਡੀਗੜ੍ਹ 'ਚ ਹੋਵੇਗੀ ਬਰਸਾਤ ਤੇ ਗੜੇਮਾਰੀ, 15 ਜ਼ਿਲ੍ਹਿਆਂ 'ਚ ਸੀਤ ਲਹਿਰ ਦਾ ਅਲਰਟ

ਪੰਜਾਬ ਅਤੇ ਚੰਡੀਗੜ੍ਹ ਵਿਚ ਸੀਤ ਲਹਿਰ ਦਾ ਕਹਿਰ ਜਾਰੀ ਹੈ। ਅੱਜ 15 ਜ਼ਿਲ੍ਹਿਆਂ ਵਿਚ ਸੀਤ ਲਹਿਰ ਅਤੇ ਸੰਘਣੀ ਧੁੰਦ ਨੂੰ ਲੈ ਕੇ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਦੂਜੇ ਪਾਸੇ ਵੈਸਟਰਨ ਡਿਸਟਰਬੈਂਸ ਵੀ ਸਰਗਰਮ ਹੋ ਰਿਹਾ ਹੈ। ਇਸ ਕਾਰਨ ਮੌਸਮ ਵਿਭਾਗ ਨੇ ਅੱਜ ਸੂਬੇ ਦੇ ਕੁਝ ਜ਼ਿਲ੍ਹਿਆਂ ਵਿਚ ਤੂਫ਼ਾਨ ਦੀ ਸੰਭਾਵਨਾ ਵੀ ਪ੍ਰਗਟਾਈ ਹੈ। ਜਦੋਂ ਕਿ 27 ਦਸੰਬਰ ਨੂੰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਗੜੇਮਾਰੀ ਹੋਵੇਗੀ ਅਤੇ 30 ਤੋਂ 40 ਕਿਲੋਮੀਟਰ ਦੀ ਰਫ਼ਤਾਰ ਨਾਲ ਹਵਾਵਾਂ ਚਲਣਗੀਆਂ। ਇਸ ਦੇ ਲਈ ਵਿਭਾਗ ਨੇ ਆਰੇਂਜ ਅਲਰਟ ਜਾਰੀ ਕੀਤਾ ਹੈ। ਤਾਪਮਾਨ ਵੀ ਘੱਟ ਜਾਵੇਗਾ। ਹਾਲਾਂਕਿ ਪਿਛਲੇ 24 ਘੰਟਿਆਂ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 1.8 ਡਿਗਰੀ ਦਾ ਵਾਧਾ ਹੋਇਆ ਹੈ। ਹੁਣ ਇਹ ਆਮ ਦੇ ਨੇੜੇ ਪਹੁੰਚ ਗਿਆ ਹੈ।

ਅੱਜ ਲਈ ਮੌਸਮ ਵਿਭਾਗ ਨੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਫ਼ਰੀਦਕੋਟ, ਮੁਕਤਸਰ, ਮੋਗਾ, ਬਠਿੰਡਾ ਅਤੇ ਲੁਧਿਆਣਾ ਲਈ ਸੀਤ ਲਹਿਰ ਅਤੇ ਸੰਘਣੀ ਧੁੰਦ ਦਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਲੋਕਾਂ ਨੂੰ ਲੋੜ ਪੈਣ 'ਤੇ ਹੀ ਘਰੋਂ ਬਾਹਰ ਨਿਕਲਣ ਦੀ ਸਲਾਹ ਦਿਤੀ ਹੈ। ਫ਼ਰੀਦਕੋਟ ਦੇ ਸਭ ਤੋਂ ਘੱਟ ਤਾਪਮਾਨ ਤੋਂ ਆਪਣੇ ਸਰੀਰ ਨੂੰ ਬਚਾਉਣ ਦੀ ਕੋਸ਼ਿਸ਼ ਕਰੋ। ਪੰਜਾਬ ਵਿਚ ਰਾਤ ਦਾ ਤਾਪਮਾਨ ਵੀ ਲਗਾਤਾਰ ਡਿੱਗ ਰਿਹਾ ਹੈ। ਸਾਰੇ ਜ਼ਿਲ੍ਹਿਆਂ ਵਿਚ ਰਾਤ ਦਾ ਤਾਪਮਾਨ 4.2 ਡਿਗਰੀ ਤੋਂ 8 ਡਿਗਰੀ ਦੇ ਵਿਚਕਾਰ ਦਰਜ ਕੀਤਾ ਗਿਆ ਹੈ। ਫਰੀਦਕੋਟ ਵਿਚ ਸਭ ਤੋਂ ਘੱਟ ਤਾਪਮਾਨ 4.2 ਡਿਗਰੀ ਦਰਜ ਕੀਤਾ ਗਿਆ। ਇਸ ਦੇ ਨਾਲ ਹੀ ਸੂਬੇ ਦੇ ਔਸਤ ਘੱਟੋ-ਘੱਟ ਤਾਪਮਾਨ 'ਚ 0.9 ਡਿਗਰੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਆਉਣ ਵਾਲੇ ਸਮੇਂ ਵਿਚ ਵੀ ਇਹੀ ਸਥਿਤੀ ਬਣੀ ਰਹੇਗੀ।

# ਕ੍ਰਿਸਮਸ ਦੇ ਜਸ਼ਨਾਂ ਵਿਚਾਲੇ ਅਮਰੀਕੀ ਏਅਰਲਾਈਨਜ਼ ਦਾ ਮੁਸਾਫਰਾਂ ਨੂੰ ਵੱਡਾ ਝਟਕਾ



ਵਾਸ਼ਿੰਗਟਨ: ਅਮਰੀਕਨ ਏਅਰਲਾਈਨਜ਼ ਗਰੁੱਪ ਇੰਕ. ਨੇ ਕਿਹਾ ਕਿ ਉਸ ਦੀਆਂ ਸਾਰੀਆਂ ਉਡਾਣਾਂ ਨੂੰ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਸਾਲ ਦੇ ਸਭ ਤੋਂ ਵਿਅਸਤ ਦਿਨਾਂ ਦਰਮਿਆਨ ਕੰਪਨੀ ਨੇ ਉਡਾਣਾਂ 'ਤੇ ਅਣਮਿੱਥੇ ਸਮੇਂ ਲਈ ਰੋਕ ਲਗਾ ਦਿੱਤੀ ਹੈ।

ਏਅਰਲਾਈਨ ਨੇ X 'ਤੇ ਇੱਕ ਬਿਆਨ ਵਿੱਚ ਕਿਹਾ, "ਯਾਤਰੀਆਂ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਇੱਕ ਵਾਰ ਇਸ ਸਮੱਸਿਆ ਨੂੰ ਠੀਕ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਸੁਰੱਖਿਅਤ ਢੰਗ ਨਾਲ ਤੁਹਾਡੀ ਮੰਜ਼ਿਲ 'ਤੇ ਪਹੁੰਚਾਵਾਂਗੇ।"

ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਨੇ ਕਿਹਾ ਕਿ ਅਮਰੀਕੀ ਏਅਰਲਾਈਨ ਨੇ ਆਪਣੀਆਂ ਸਾਰੀਆਂ ਉਡਾਣਾਂ ਨੂੰ ਰੋਕਣ ਦੀ ਬੇਨਤੀ ਕੀਤੀ ਹੈ। ਏਅਰਲਾਈਨ ਨੇ ਐਕਸ ਨੂੰ ਇੱਕ ਪੋਸਟ ਵਿੱਚ ਲਿਖਿਆ "ਅਸੀਂ ਵਰਤਮਾਨ ਸਮੇਂ ਵਿੱਚ ਸਾਰੀਆਂ ਅਮਰੀਕੀ ਏਅਰਲਾਈਨਾਂ ਦੀਆਂ ਉਡਾਣਾਂ ਵਿੱਚ ਤਕਨੀਕੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਾਂ।"

ਪੋਸਟ ਵਿੱਚ ਅੱਗੇ ਕਿਹਾ ਗਿਆ ਹੈ, "ਤੁਹਾਡੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ, ਇੱਕ ਵਾਰ ਇਸ ਨੂੰ ਠੀਕ ਕਰਨ ਤੋਂ ਬਾਅਦ, ਅਸੀਂ ਤੁਹਾਨੂੰ ਤੁਹਾਡੀ ਮੰਜ਼ਿਲ ਤੱਕ ਸੁਰੱਖਿਅਤ ਢੰਗ ਨਾਲ ਪਹੁੰਚਾਵਾਂਗੇ।"

# ਕੈਨੇਡਾ-ਅਮਰੀਕਾ ਸਰਹੱਦ 'ਤੇ ਵਰਕ ਪਰਮਿਟ ਅਤੇ ਸਟੱਡੀ ਪਰਮਿਟਾਂ ਲਈ ਫਲੈਗਪੋਲਿੰਗ ਖ਼ਤਮ

## ਵਾਪਿਸ ਮੁੜਨਾ ਪੈ ਸਕਦਾ ਆਪਣੇ ਵਤਨ



ਓਟਾਵਾ (ਬਲਜਿੰਦਰ ਸੇਖਾ): CBSA ਅਨੁਸਾਰ ਕੈਨੇਡਾ ਦੀ ਬਾਰਡਰ ਯੋਜਨਾ ਦੇ ਹਿੱਸੇ ਵਜੋਂ ਕੈਨੇਡਾ ਸਰਕਾਰ ਦੁਆਰਾ ਸ਼ਾਮ ਨੂੰ ਐਲਾਨ ਕੀਤਾ ਗਿਆ ਹੈ, ਅੱਜ 23 ਦਸੰਬਰ ਨੂੰ ਰਾਤ 11:59 ਵਜੇ ET ਲਾਗੂ ਕਾਨੂੰਨ ਅਨੁਸਾਰ ਪ੍ਰਵੇਸ਼ ਬੰਦਰਗਾਹ 'ਤੇ ਫਲੈਗਪੋਲਰ ਨੂੰ ਕੰਮ (ਵਰਕ ਪਰਮਿਟ) ਅਤੇ ਸਟੂਡੈਂਟ ਪਰਮਿਟ ਪ੍ਰਦਾਨ ਨਹੀਂ ਕੀਤੇ ਜਾਣਗੇ।

ਵਰਨਣਯੋਗ ਹੈ ਕਿ ਫਲੈਗਪੋਲਿੰਗ ਉਦੋਂ ਹੁੰਦੀ ਹੈ ਜਦੋਂ ਕੋਈ ਵਿਦੇਸ਼ੀ ਨਾਗਰਿਕ ਜੋ ਕੈਨੇਡਾ ਵਿੱਚ ਅਸਥਾਈ ਰਿਹਾਇਸ਼ੀ ਰੁਤਬਾ (ਟੈਂਪਰੇਰੀ) ਰੱਖਦੇ ਹਨ, ਜਾਂ ਕੈਨੇਡਾ ਛੱਡ ਦਿੰਦੇ ਹਨ ਅਤੇ ਅਮਰੀਕਾ ਦੀ ਫੇਰੀ ਤੋਂ ਬਾਅਦ, ਕੈਨੇਡਾ ਡੇ ਪ੍ਰਵੇਸ਼ ਦੇ ਬੰਦਰਗਾਹ 'ਤੇ ਇਮੀਗ੍ਰੇਸ਼ਨ ਸੇਵਾਵਾਂ ਤੱਕ ਪਹੁੰਚ ਕਰਨ ਲਈ ਦੁਬਾਰਾ ਦਾਖਲ ਹੁੰਦੇ ਹਨ। ਇਸ ਲਈ ਅਮਰੀਕਾ ਕੈਨੇਡਾ ਬਾਰਡਰ ਸੰਧੀ ਅਨੁਸਾਰ ਸਰਹੱਦ 'ਤੇ ਸਖ਼ਤ ਪਾਬੰਦੀ ਲਾ ਦਿੱਤੀ ਗਈ ਹੈ। ਇੰਮੀਗਰੇਸ਼ਨ ਮੰਤਰੀ ਮਾਰਕ ਮਿਲਰ ਅਨੁਸਾਰ ਸਰਹੱਦ 'ਤੇ ਇਮੀਗ੍ਰੇਸ਼ਨ ਸੇਵਾਵਾਂ ਕੈਨੇਡਾ ਪਹੁੰਚਣ ਵਾਲੇ ਵਿਅਕਤੀਆਂ ਲਈ ਹੁੰਦੀਆਂ ਹਨ, ਨਾ ਕਿ ਪਹਿਲਾਂ ਤੋਂ ਕੈਨੇਡਾ ਵਿੱਚ ਮੌਜੂਦ ਲੋਕਾਂ ਲਈ। ਕੰਮ ਜਾਂ ਸਟੱਡੀ ਪਰਮਿਟਾਂ ਲਈ ਅਰਜ਼ੀਆਂ ਅਤੇ ਨਵਿਆਉਣ ਲਈ। ਹੁਣ ਇਸ ਹਾਲਾਤ ਵਿੱਚ ਬਿਨੈਕਾਰ ਨੂੰ ਕੈਨੇਡਾ ਛੱਡਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਇਹ ਵੀ ਪਤਾ ਲੱਗਾ ਹੈ ਜਿਨ੍ਹਾਂ ਦੇ ਪੰਜ ਜਾਂ ਦਸ ਸਾਲਾਂ ਲਈ ਕੈਨੇਡਾ ਦੇ ਵੀਜ਼ੇ ਲੱਗੇ ਹੁਣ ਜਾਂਚ ਦੌਰਾਨ ਖ਼ਾਮੀਆਂ ਪਾਈਆਂ ਜਾਣ ਤੇ ਉਹ ਵੀਜ਼ੇ ਵੀ ਕੈਂਸਲ ਕੀਤੇ ਜਾ ਰਹੇ ਹਨ।

# ਪਹਾੜੀ ਇਲਾਕਿਆਂ 'ਚ ਨਵਾਂ ਸਾਲ ਮਨਾਉਣ ਵਾਲੇ ਸੈਲਾਨੀਆਂ ਲਈ ਖ਼ੁਸ਼ਖ਼ਬਰੀ

ਹਿਮਾਚਲ ਪ੍ਰਦੇਸ਼ 'ਚ ਕ੍ਰਿਸਮਿਸ ਤੋਂ ਬਾਅਦ ਹੁਣ ਨਵੇਂ ਸਾਲ 'ਤੇ ਵੀ ਚੰਗੀ ਬਰਫਬਾਰੀ ਹੋਣ ਦੇ ਆਸਾਰ ਹਨ। ਦੇਸ਼ ਭਰ ਤੋਂ ਹਿੱਲ ਸਟੇਸ਼ਨ 'ਤੇ ਆਉਣ ਵਾਲੇ ਸੈਲਾਨੀ 2025 ਦਾ ਬਰਫ਼ਬਾਰੀ ਵਿਚਾਲੇ ਸਵਾਗਤ ਕਰ ਸਕਣਗੇ। ਇਸ ਤੋਂ ਪਹਿਲਾਂ ਵੀ ਸੈਲਾਨੀ ਸ਼ਿਮਲਾ, ਕੁੱਲੂ ਅਤੇ ਲਾਹੌਲ ਸਪਿਤੀ ਜ਼ਿਲ੍ਹਿਆਂ ਦੀਆਂ ਉੱਚੀਆਂ ਚੋਟੀਆਂ 'ਤੇ ਬਰਫ਼ ਦੇਖ ਸਕਦੇ ਹਨ।

ਮੌਸਮ ਵਿਭਾਗ (ਿਧ) ਮੁਤਾਬਕ ਨਵੇਂ ਸਾਲ ਤੋਂ ਪਹਿਲਾਂ 27 ਦਸੰਬਰ ਦੀ ਰਾਤ ਤੋਂ 28 ਅਤੇ 29 ਦਸੰਬਰ ਤੱਕ ਸੂਬੇ ਦੇ ਸੱਤ ਜ਼ਿਲ੍ਹਿਆਂ ਵਿਚ ਚੰਗੀ ਬਰਫ਼ਬਾਰੀ ਹੋਵੇਗੀ। ਚੰਬਾ, ਕਾਂਗੜਾ, ਕਿਨੌਰ, ਕੁੱਲੂ, ਲਾਹੌਲ ਸਪਿਤੀ, ਮੰਡੀ ਅਤੇ ਸ਼ਿਮਲਾ ਜ਼ਿਲ੍ਹਿਆਂ ਵਿਚ ਬਰਫ਼ਬਾਰੀ ਦੀ ਭਵਿੱਖਬਾਣੀ ਕੀਤੀ ਗਈ ਹੈ। ਰਾਹਤ ਦੀ ਗੱਲ ਇਹ ਹੈ ਕਿ 30 ਅਤੇ 31 ਦਸੰਬਰ ਨੂੰ ਮੌਸਮ ਸਾਫ਼ ਹੋ ਜਾਵੇਗਾ। ਇਸ ਨਾਲ ਸੈਰ-ਸਪਾਟਾ ਸਥਾਨਾਂ ਨੂੰ ਜੋੜਨ ਵਾਲੀਆਂ ਸੜਕਾਂ ਨੂੰ ਖੋਲ੍ਹਣ ਲਈ ਪ੍ਰਸ਼ਾਸਨ ਨੂੰ ਪੂਰਾ ਸਮਾਂ ਮਿਲੇਗਾ। ਸ਼ਿਮਲਾ ਤੋਂ ਕਰੀਬ 14 ਕਿਲੋਮੀਟਰ ਦੂਰ ਕੁਫਰੀ, ਸ਼ਿਮਲਾ ਤੋਂ 15 ਕਿਲੋਮੀਟਰ ਦੂਰ ਛਾਬੜਾ ਅਤੇ ਸ਼ਿਮਲਾ ਤੋਂ 61 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਨਾਰਕੰਡਾ ਵਿੱਚ ਇਸ ਵੇਲੇ ਚੰਗੀ ਬਰਫ਼ਬਾਰੀ ਹੈ।

ਚੰਡੀਗੜ੍ਹ-ਸ਼ਿਮਲਾ-ਕਿਨੌਰ ਨੂੰ ਜੋੜਨ ਵਾਲੇ ਨੈਸ਼ਨਲ ਹਾਈਵੇ ਤੋਂ ਸੈਲਾਨੀ ਇਨ੍ਹਾਂ ਤਿੰਨਾਂ ਸੈਰ-ਸਪਾਟਾ ਸਥਾਨਾਂ 'ਤੇ ਪਹੁੰਚ ਸਕਦੇ ਹਨ। ਇਨ੍ਹਾਂ ਥਾਵਾਂ 'ਤੇ ਅੱਜ ਅਤੇ ਕੱਲ ਸ਼ਾਮ ਤੱਕ ਮੌਸਮ ਸਾਫ਼ ਅਤੇ ਸੁਹਾਵਣਾ ਰਹੇਗਾ। ਇਸ ਦੇ ਨਾਲ ਹੀ ਕੁੱਲੂ ਜ਼ਿਲੇ ਦੇ ਸੋਲਾਂਗ ਨਾਲਾ ਅਤੇ ਅੰਜਨੀ ਮਹਾਦੇਵ 'ਚ ਕਰੀਬ ਅੱਧਾ ਫੁੱਟ ਬਰਫ ਡਿੱਗ ਗਈ ਹੈ। ਇੱਥੇ ਸੈਲਾਨੀ ਪੈਰਾਗਲਾਈਡਿੰਗ, ਰੋਪਵੇਅ ਅਤੇ ਘੋੜ ਸਵਾਰੀ ਦਾ ਆਨੰਦ ਲੈ ਸਕਦੇ ਹਨ। ਚੰਡੀਗੜ੍ਹ-ਮਨਾਲੀ NH ਤੋਂ ਸੋਲਾਂਗ ਨਾਲਾ ਪਹੁੰਚਿਆ ਜਾ ਸਕਦਾ ਹੈ।

# ਸਲਮਾਨ ਰਸ਼ਦੀ ਦੀ ਕਿਤਾਬ 'ਦਿ ਸੈਟੇਨਿਕ ਵਰਸੇਜ਼' 36 ਸਾਲ ਦੀ ਪਾਬੰਦੀ ਤੋਂ ਬਾਅਦ ਭਾਰਤ 'ਚ ਪਰਤੀ




ਨਵੀਂ ਦਿੱਲੀ : ਬ੍ਰਿਟਿਸ਼-ਭਾਰਤੀ ਨਾਵਲਕਾਰ ਸਲਮਾਨ ਰਸ਼ਦੀ ਦੀ ਵਿਵਾਦਪੂਰਨ ਕਿਤਾਬ 'ਦਿ ਸੈਟੇਨਿਕ ਵਰਸੇਜ਼' ਰਾਜੀਵ ਗਾਂਧੀ ਸਰਕਾਰ ਵਲੋਂ ਪਾਬੰਦੀ ਲਗਾਏ ਜਾਣ ਦੇ ਲਗਭਗ 36 ਸਾਲ ਬਾਅਦ ਚੁੱਪਚਾਪ ਭਾਰਤ ਪਰਤ ਆਈ ਹੈ। ਪਿਛਲੇ ਕੁੱਝ ਦਿਨਾਂ ਤੋਂ ਇਹ ਕਿਤਾਬ ਕੌਮੀ ਰਾਜਧਾਨੀ ਦੇ 'ਬਾਹਰੀਸੰਨਜ਼ ਬੁੱਕਸੈਲਰਸ' 'ਚ ਸੀਮਤ ਸਟਾਕ ਵੇਚ ਰਹੀ ਹੈ। ਕਿਤਾਬ ਦੀ ਸਮੱਗਰੀ ਅਤੇ ਲੇਖਕ ਦੇ ਵਿਰੁਧ ਭਾਰੀ ਹੰਗਾਮਾ ਹੋਇਆ ਸੀ ਅਤੇ ਦੁਨੀਆਂ ਭਰ ਦੇ ਮੁਸਲਿਮ ਸੰਗਠਨਾਂ ਨੇ ਇਸ ਨੂੰ ਈਸ਼ਨਿੰਦਾ ਵਾਲਾ ਮੰਨਿਆ ਸੀ।

'ਬਾਹਰੀਸੰਨਜ਼ ਬੁੱਕਸੈਲਰਸ' ਦੀ ਮਾਲਕ ਰਜਨੀ ਮਲਹੋਤਰਾ ਨੇ ਕਿਹਾ, ''ਸਾਨੂੰ ਕਿਤਾਬ ਮਿਲੇ ਕੁੱਝ ਦਿਨ ਹੋ ਗਏ ਹਨ ਅਤੇ ਹੁਣ ਤਕ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। ਚੰਗੀ ਵਿਕਰੀ ਹੋ ਰਹੀ ਹੈ।'' ਇਸ ਕਿਤਾਬ ਦੀ ਕੀਮਤ 1,999 ਰੁਪਏ ਹੈ ਅਤੇ ਇਹ ਸਿਰਫ ਦਿੱਲੀ-ਐਨ.ਸੀ.ਆਰ. ਦੇ 'ਬਾਹਰੀਸੰਨਜ਼ ਬੁੱਕਸੈਲਰਸ' ਸਟੋਰ 'ਤੇ ਉਪਲਬਧ ਹੈ। ਜ਼ਿਕਰਯੋਗ ਹੈ ਕਿ ਪਿੱਛੇ ਜਿਹੇ ਦਿੱਲੀ ਹਾਈ ਕੋਰਟ ਨੇ ਨਵੰਬਰ 'ਚ ਰਾਜੀਵ ਗਾਂਧੀ ਸਰਕਾਰ ਦੇ ਨਾਵਲ ਦੇ ਆਯਾਤ 'ਤੇ ਪਾਬੰਦੀ ਨੂੰ ਚੁਨੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਬੰਦ ਕਰ ਦਿਤੀ ਸੀ। ਅਤੇ ਕਿਹਾ ਸੀ ਕਿ ਅਧਿਕਾਰੀ ਸਬੰਧਤ ਨੋਟੀਫਿਕੇਸ਼ਨ ਪੇਸ਼ ਕਰਨ 'ਚ ਅਸਫਲ ਰਹੇ ਹਨ, ਇਸ ਲਈ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਇਹ ਮੌਜੂਦ ਨਹੀਂ ਹੈ।

ਇਹ ਕਿਤਾਬ ਪ੍ਰਕਾਸ਼ਿਤ ਹੋਣ ਤੋਂ ਥੋੜ੍ਹੀ ਦੇਰ ਬਾਅਦ ਹੀ ਮੁਸੀਬਤ ਵਿਚ ਪੈ ਗਈ, ਜਿਸ ਤੋਂ ਬਾਅਦ ਈਰਾਨੀ ਆਗੂ ਰੂਹੋਲਾਹ ਖੁਮੈਨੀ ਨੇ ਇਕ ਫਤਵਾ ਜਾਰੀ ਕਰ ਕੇ ਮੁਸਲਮਾਨਾਂ ਨੂੰ ਰਸ਼ਦੀ ਅਤੇ ਉਸ ਦੇ ਪ੍ਰਕਾਸ਼ਕਾਂ ਨੂੰ ਮਾਰਨ ਦੀ ਅਪੀਲ ਕੀਤੀ।

ਰਸ਼ਦੀ ਨੇ ਬਰਤਾਨੀਆਂ ਅਤੇ ਅਮਰੀਕਾ ਵਿਚ ਲੁਕ ਕੇ ਲਗਭਗ 10 ਸਾਲ ਬਿਤਾਏ। ਜੁਲਾਈ 1991 'ਚ, ਨਾਵਲ ਦੇ ਜਾਪਾਨੀ ਅਨੁਵਾਦਕ ਹਿਤੋਸ਼ੀ ਇਗਾਰਾਸ਼ੀ ਦਾ ਉਸ ਦੇ ਦਫਤਰ 'ਚ ਕਤਲ ਕਰ ਦਿਤਾ ਗਿਆ ਸੀ। ਲੇਬਨਾਨੀ-ਅਮਰੀਕੀ ਹਾਦੀ ਮਾਤਰ ਨੇ 12 ਅਗੱਸਤ 2022 ਨੂੰ ਇਕ ਭਾਸ਼ਣ ਦੌਰਾਨ ਸਟੇਜ 'ਤੇ ਰਸ਼ਦੀ 'ਤੇ ਚਾਕੂ ਨਾਲ ਹਮਲਾ ਕੀਤਾ, ਜਿਸ ਨਾਲ ਰਸ਼ਦੀ ਦੀ ਇਕ ਅੱਖ ਦੀ ਰੌਸ਼ਨੀ ਚਲੀ ਗਈ ਸੀ।

# ਜੋੜ ਮੇਲ ਨੂੰ ਸਮਰਪਤ ਲਾਏ ਲੰਗਰ 'ਚ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ

ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸ੍ਰੀ ਫ਼ਤਿਹਗੜ੍ਹ ਸਾਹਿਬ ਜੋੜ ਮੇਲ ਦੇ ਲਈ ਸੰਗਤਾਂ ਜਾ ਰਹੀਆਂ ਹਨ ਉਨ੍ਹਾਂ ਲਈ ਹਰ ਪਿੰਡ ਵਿਚ ਹਰ ਸ਼ਹਿਰ ਵਿਚ ਲੰਗਰ ਲਾਏ ਜਾ ਰਹੇ ਹਨ। ਕਸਬਾ ਘੱਗਾ ਵਿਖੇ ਜੋੜ ਮੇਲ ਵਿਚ ਲੰਗਰ 'ਚ ਬਿਜਲੀ ਦੀ ਸਜਾਵਟ ਕਰ ਰਹੇ ਇੱਕ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਸਤਵਿੰਦਰ ਸਿੰਘ ਪਿੰਡ ਬੂਟਾ ਸਿੰਘ ਵਾਲਾ ਵਜੋਂ ਹੋਈ।

ਘਟਨਾ ਜਾਣਕਾਰੀ ਦਿੰਦਿਆਂ ਬੂਟਾ ਸਿੰਘ ਵਾਲਾ ਪਿੰਡ ਦੇ ਸਰਪੰਚ ਅਮਰਜੀਤ ਸਿੰਘ ਅਤੇ ਪਿੰਡ ਇੱਕ ਵਿਅਕਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਸਤਵਿੰਦਰ ਸਿੰਘ ਕਸਬਾ ਘੱਗਾ ਵਿਖੇ ਲੰਗਰ ਦੇ ਟੈਂਟ ਵਿਚ ਬਿਜਲੀ ਦੀ ਸਜਾਵਟ ਦਾ ਕੰਮ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਉਸਦਾ ਹੱਥ ਬਿਜਲੀ ਦੀ ਤਾਰ ਨੂੰ ਲੱਗਿਆ ਤੇ ਉਸਨੂੰ ਕਰੰਟ ਲੱਗ ਗਿਆ। ਉਸ ਨੂੰ ਸਮਾਣਾ ਦੇ ਸਰਕਾਰੀ ਹਸਪਤਾਲ ਵਿਚ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਕਰ ਦਿੱਤਾ। ਨੌਜਵਾਨ ਪਰਿਵਾਰ ਵਿੱਚ ਇਕਲੌਤਾ ਪੁੱਤਰ ਸੀ। ਪੁੱਤ ਦੀ ਮੌਤ ਨਾਲ ਪਿਤਾ ਦਾ ਰੋ ਰੋ ਕੇ ਬੁਰਾ ਹਾਲ ਹੈ। ਉੱਥੇ ਹੀ ਸਰਕਾਰੀ ਹਸਪਤਾਲ ਵਿੱਚ ਐਮਰਜੈਂਸੀ ਵਿੱਚ ਤਾਇਨਾਤ ਡਾਕਟਰ ਕਨਵਰ ਕੀਰਤੀ ਨੇ ਨੌਜਵਾਨ ਦੀ ਮੌਤ ਦੀ ਪੁਸ਼ਟੀ ਕੀਤੀ। ਡਾਕਟਰ ਨੇ ਦੱਸਿਆ ਕਿ ਨੌਜਵਾਨ ਦੀ ਬਾਂਹ ਤੇ ਕਰੰਟ ਲੱਗਿਆ ਸੀ ਜਿਸ ਕਾਰਨ ਉਸ ਦੀ ਮੌਤ ਹੋਈ ਹੈ।



# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੱਖਾਂ ਸ਼ਰਧਾਲੂਆਂ ਵੱਲੋਂ ਸਿਜਦਾ



ਫ਼ਤਹਿਗੜ੍ਹ ਸਾਹਿਬ : ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਾਲਾਨਾ ਸ਼ਹੀਦੀ ਸਭਾ ਅੱਜ ਤੋਂ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ 'ਚ ਅਖੰਡ ਪਾਠ ਨਾਲ ਆਰੰਭ ਹੋ ਗਈ। ਸਭਾ ਦੇ ਅੱਜ ਪਹਿਲੇ ਦਿਨ ਲੱਖਾਂ ਸ਼ਰਧਾਲੂਆਂ ਨੇ ਗੁਰਦੁਆਰੇ 'ਚ ਨਤਮਸਤਕ ਹੋ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੇ ਤੀਜੇ ਦਿਨ 27 ਦਸੰਬਰ ਨੂੰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਗੁਰਦੁਆਰਾ ਸ੍ਰੀ ਜੋਤੀ ਸਰੂਪ 'ਚ ਸੰਪੂਰਨ ਹੋਵੇਗਾ।

ਅਖੰਡ ਪਾਠ ਦੀ ਆਰੰਭਤਾ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਗੁਰਦੁਆਰੇ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੀਤਿਕਾ ਸਿੰਘ ਸਮੇਤ ਧਾਰਮਿਕ ਅਤੇ ਰਾਜਸੀ ਸ਼ਖ਼ਸੀਅਤਾਂ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੰਗਤ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸੇ ਦੌਰਾਨ ਸਾਕਾ ਸਰਹਿੰਦ ਦੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅਤੇ ਯੂਥ ਅਕਾਲੀ ਦਲ ਵਲੋਂ 'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਜਿਸ ਦੀ ਅਰਦਾਸ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਗੁਰਪ੍ਰੀਤ ਸਿੰਘ ਰਾਜੂ ਖੰਨਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ ਅਤੇ ਹਲਕਾ ਬਸੀ ਪਠਾਨਾ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ ਸਮੇਤ ਵੱਡੀ ਗਿਣਤੀ ਕਾਰਕੁਨ ਹਾਜ਼ਰ ਸਨ।



# 4 ਦਿਨ ਬਾਅਦ ਮੋਰਚੇ ਦੇ ਮੰਚ 'ਤੇ ਆਏ ਡੱਲੇਵਾਲ ਦਾ ਸੰਦੇਸ਼



ਚੰਡੀਗੜ੍ਹ: ਮਰਨ ਵਰਤ ਦੇ 29ਵੇਂ ਦਿਨ ਅੱਜ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ 4 ਦਿਨ ਬਾਅਦ ਖਨੌਰੀ ਬਾਰਡਰ ਮੰਚ ਤੇ ਪੁੱਜੇ। ਇਸ ਮੌਕੇ ਉਨ੍ਹਾਂ ਕਿਸਾਨਾਂ ਨੂੰ ਸੁਨੇਹਾ ਦਿੰਦਿਆਂ ਸਰਹੱਦੀ ਤੇ ਹੋਰਨਾਂ ਸੂਬਿਆਂ ਦੇ ਕਿਸਾਨਾਂ ਨੂੰ ਕਿਸਾਨ ਅੰਦੋਲਨ ਦਾ ਸਮਰਥਨ ਕਰਨ ਲਈ ਕਿਹਾ। ਇਸ ਦੇ ਨਾਲ ਹੀ ਉਨ੍ਹਾਂ ਕੇਂਦਰ 'ਤੇ ਵੀ ਨਿਸ਼ਾਨਾ ਸਾਧਿਆ ਹੈ ਕਿ ਉਹ ਇਸ ਅੰਦੋਲਨ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੁੰਦਾ ਹੈ। ਖਨੌਰੀ ਸਰਹੱਦ ਤੇ ਪਿਛਲੇ 29 ਦਿਨਾਂ ਤੋਂ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਕਿਸਾਨਾਂ ਨੂੰ ਸੁਨੇਹਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਉਹ ਤੁਹਾਨੂੰ ਸਾਰਿਆਂ ਨੂੰ ਦੱਸਣਾ ਚਾਹੁੰਦੇ ਹਨ ਕਿ ਉਹ ਬਿਲਕੁਲ ਠੀਕ ਹਨ ਅਤੇ ਇਸ ਲੜਾਈ ਨੂੰ ਜਿੱਤਣ ਲਈ ਇੱਥੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਇਹ ਲੜਾਈ ਅਸੀਂ ਜਿੱਤਣੀ ਹੈ, ਇਸ ਲਈ ਸਾਨੂੰ ਇਕਜੁੱਟ ਹੋ ਕੇ ਲੜਨਾ ਪਵੇਗਾ। ਇਸ ਦੇ ਲਈ ਜ਼ਰੂਰੀ ਹੈ ਕਿ ਅਸੀਂ ਇਕਜੁੱਟ ਹੋਈਏ। ਕਿਸਾਨ ਆਗੂ ਡੱਲੇਵਾਲ ਨੇ ਕਿਹਾ ਕਿ ਜਦੋਂ ਉਹ ਪਿਛਲੀ ਵਾਰ ਅੰਦੋਲਨ ਖਤਮ ਕਰਕੇ ਚਲੇ ਗਏ ਸਨ ਤਾਂ ਕਈ ਲੋਕਾਂ ਨੇ ਸ਼ਿਕਾਇਤ ਕੀਤੀ ਸੀ ਕਿ ਉਹ ਅੰਦੋਲਨ ਅੱਧ ਵਿਚਾਲੇ ਛੱਡ ਰਹੇ ਹਨ। ਇਸ ਲਈ ਅਸੀਂ ਮੁੜ ਸਰਹੱਦਾਂ 'ਤੇ ਵਾਪਸ ਆ ਗਏ ਹਾਂ। ਪਿਛਲੀ ਵਾਰ ਸਾਨੂੰ ਵੱਡਾ ਭਾਈ ਕਿਹਾ ਗਿਆ ਸੀ, ਇਸ ਲਈ ਵੱਡਾ ਭਾਈ ਮੁੜ ਮੈਦਾਨ ਵਿੱਚ ਆ ਗਿਆ ਹੈ। ਹੁਣ ਲੋੜ ਇਸ ਗੱਲ ਦੀ ਹੈ ਕਿ ਛੋਟਾ ਭਰਾ ਵੀ ਲੜਾਈ ਵਿੱਚ ਸ਼ਾਮਲ ਹੋ ਕੇ ਮੈਦਾਨ ਵਿੱਚ ਉਤਰ ਆਵੇ। ਕਿਸਾਨ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਸਾਨੂੰ ਇੱਥੋਂ ਭਜਾਉਣਾ ਚਾਹੁੰਦੀ ਹੈ। ਉਹ ਸਾਡੇ ਅੰਦੋਲਨ ਨੂੰ ਇੱਥੋਂ ਖਤਮ ਕਰਨ ਦੀ ਕੋਸ਼ਿਸ਼ ਕਰੇਗੀ। ਜੇਕਰ ਉਹ ਸਾਨੂੰ ਚੁੱਕਣ ਵਿੱਚ ਅਸਫਲ ਰਹਿੰਦੇ ਹਨ, ਤਾਂ ਅਸੀਂ ਜੇਤੂ ਬਣਾਂਗੇ। ਅਸੀਂ ਜਾਂ ਤਾਂ ਇੱਥੋਂ ਜਿੱਤ ਕੇ ਜਾਵਾਂਗੇ ਜਾਂ ਮਰ ਜਾਵਾਂਗੇ।

# ਮੋਦੀ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੇ ਹਨ: ਮੁੱਖ ਮੰਤਰੀ ਨੇ ਕੀਤੀ ਸਖ਼ਤ ਆਲੋਚਨਾ



ਚੰਡੀਗੜ੍ਹ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਅਪਣਾਉਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਹੱਕੀ ਮੰਗਾਂ ਰੱਖਣ ਲਈ ਮੌਕਾ ਨਾ ਦੇਣ ਦੀ ਸਖਤ ਆਲੋਚਨਾ ਕੀਤੀ।

ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਕਿ ਆਪੂੰ ਬਣੇ 'ਗਲੋਬਲ ਲੀਡਰ' ਨਰਿੰਦਰ ਮੋਦੀ ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਦਖਲਅੰਦਾਜ਼ੀ ਦੇਣ ਲਈ ਜ਼ਿਆਦਾ ਤਤਪਰ ਹਨ ਪਰ ਦੇਸ਼ ਦੇ ਅੰਨਦਾਤਿਆਂ ਪ੍ਰਤੀ ਪ੍ਰਧਾਨ ਮੰਤਰੀ ਦਾ ਰਵੱਈਆ ਬੇਗਾਨਗੀ ਵਾਲਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇਸ਼ ਦੇ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਬੁਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੀ ਹੈ ਜੋ ਕਿ ਅਤਿ ਨਿੰਦਣਯੋਗ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਪ੍ਰਧਾਨ ਮੰਤਰੀ ਦੇਸ਼ ਵਾਸੀਆਂ ਨੂੰ ਦਰਪੇਸ਼ ਮਸਲੇ ਹੱਲ ਕਰਨ ਦੀ ਬਜਾਏ ਕੌਮਾਂਤਰੀ ਮਾਮਲਿਆਂ ਵਿੱਚ ਦਖਲ ਦੇ ਕੇ 'ਗਲੋਬਲ ਲੀਡਰ' ਵਜੋਂ ਉਭਰਨ ਲਈ ਜ਼ਿਆਦਾ ਚਿੰਤਤ ਹਨ।

ਮੁੱਖ ਮੰਤਰੀ ਨੇ ਨਰਿੰਦਰ ਮੋਦੀ ਨੂੰ ਚੇਤੇ ਕਰਵਾਇਆ ਕਿ ਜਦੋਂ ਦੇਸ਼ ਅਨਾਜ ਉਤਪਾਦਨ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਸੀ ਤਾਂ ਸੂਬੇ ਦੇ ਮਿਹਨਤੀ ਕਿਸਾਨਾਂ ਨੇ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਇਆ। ਉਨ੍ਹਾਂ ਕਿਹਾ ਕਿ ਸੂਬੇ ਦੇ ਕਿਸਾਨਾਂ ਨੇ ਕੌਮੀ ਅੰਨ ਭੰਡਾਰ ਭਰਨ ਲਈ ਬੇਸ਼ਕੀਮਤੀ ਕੁਦਰਤੀ ਵਸੀਲੇ ਜਰਖੇਜ਼ ਮਿੱਟੀ ਅਤੇ ਪਾਣੀ ਨੂੰ ਦਾਅ ਉਤੇ ਲਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਸਾਨਾਂ ਦੇ ਵੱਡੇ ਯੋਗਦਾਨ ਦੇ ਬਾਵਜੂਦ ਕੇਂਦਰ ਸਰਕਾਰ ਨੇ ਉਨ੍ਹਾਂ ਪ੍ਰਤੀ ਵਿਰੋਧੀ ਰਵੱਈਆ ਅਪਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਕੌਮੀ ਰਾਜਧਾਨੀ ਤੋਂ 200 ਕਿਲੋਮੀਟਰ ਦੂਰ ਬੈਠੇ ਕਿਸਾਨਾਂ ਨਾਲ ਗੱਲ ਸੁਣਨ ਲਈ ਵੀ ਤਿਆਰ ਨਹੀਂ। ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਆਪਣਾ ਹੰਕਾਰੀ ਰਵੱਈਆ ਛੱਡਣ ਅਤੇ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਦਾ ਰਾਹ ਖੋਲ੍ਹਣ ਦੀ ਨਸੀਹਤ ਦਿੱਤੀ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਕਿਸੇ ਵਿਸ਼ੇਸ਼ ਮੌਕੇ ਦੀ ਉਡੀਕ ਨਹੀਂ ਕਰਨੀ ਚਾਹੀਦੀ, ਸਗੋਂ ਪਹਿਲ ਦੇ ਆਧਾਰ ਉਤੇ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੇਂ ਦੀ ਲੋੜ ਹੈ ਕਿ ਕਿਸਾਨਾਂ ਦੇ ਮਸਲਿਆਂ ਨੂੰ ਵਡੇਰੇ ਲੋਕ ਹਿੱਤ ਵਿੱਚ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ।

# ਰੇਤ ਤੋਂ ਆਮਦਨ ਦੇ 19,712 ਕਰੋੜ ਰੁਪਏ ਕਿੱਥੇ ਹਨ ?

## ਕੇਜਰੀਵਾਲ ਨੂੰ ਜਵਾਬ ਦੇਣਾ ਪਵੇਗਾ : ਬਾਜਵਾ



ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਮੰਗਲਵਾਰ ਨੂੰ 'ਆਪ' ਸਰਕਾਰ ਵੱਲੋਂ ਰੇਤ ਦੀ ਖੁਦਾਈ ਤੋਂ ਵਾਅਦਾ ਕੀਤਾ ਹੋਇਆ ਮਾਲੀਆ ਪੈਦਾ ਕਰਨ 'ਚ ਨਾਕਾਮ ਰਹਿਣ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਅਤੇ ਇਸ 'ਤੇ ਪੰਜਾਬ ਦੇ ਸਰੋਤਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਇਆ। ਬਾਜਵਾ ਨੇ ਕਿਹਾ, "ਅਰਵਿੰਦ ਕੇਜਰੀਵਾਲ ਨੇ ਦਸੰਬਰ 2021 ਵਿੱਚ ਸ਼ੇਖੀ ਮਾਰੀ ਸੀ ਕਿ ਪੰਜਾਬ ਰੇਤ ਦੀ ਖੁਦਾਈ ਤੋਂ ਸਾਲਾਨਾ 20,000 ਕਰੋੜ ਰੁਪਏ ਕਮਾ ਸਕਦਾ ਹੈ, ਪਰ ਅਸਲ ਮਾਲੀਆ 288 ਕਰੋੜ ਰੁਪਏ ਮਾਮੂਲੀ ਹੈ। ਬਾਕੀ 19,712 ਕਰੋੜ ਰੁਪਏ ਕਿੱਥੇ ਹਨ? ਇਹ ਸਰਕਾਰ ਨੂੰ ਪੰਜਾਬ ਦੇ ਲੋਕਾਂ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

ਵੱਡੇ ਫ਼ਰਕ ਨੂੰ ਉਜਾਗਰ ਕਰਦੇ ਹੋਏ, ਬਾਜਵਾ ਨੇ ਕਿਹਾ ਕਿ ਇਹ ਜਾਂ ਤਾਂ ਘੋਰ ਅਯੋਗਤਾ ਜਾਂ ਜਨਤਾ ਦੇ ਪੈਸੇ ਦੀ ਲੁੱਟ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਕਿਹਾ, 'ਆਪ' ਭ੍ਰਿਸ਼ਟਾਚਾਰ ਦੇ ਖ਼ਾਤਮੇ ਅਤੇ ਰਾਜ ਦੇ ਮਾਲੀਏ ਨੂੰ ਵਧਾਉਣ ਦੇ ਵਾਅਦਿਆਂ 'ਤੇ ਸੱਤਾ 'ਚ ਆਈ ਸੀ, ਪਰ ਜ਼ਮੀਨੀ ਹਕੀਕਤ ਵੱਖਰੀ ਕਹਾਣੀ ਬਿਆਨ ਕਰਦੀ ਹੈ। ਰੇਤ ਮਾਫੀਆ ਉਨ੍ਹਾਂ ਦੀ ਦੇਖਰੇਖ 'ਚ ਵਧ-ਫੁੱਲ ਰਿਹਾ ਹੈ।

ਬਾਜਵਾ ਨੇ ਸੂਬੇ ਦੇ ਵਿਗੜ ਰਹੇ ਕਰਜ਼ੇ ਦੇ ਸੰਕਟ ਵੱਲ ਵੀ ਧਿਆਨ ਦਿਵਾਇਆ। "ਪੰਜਾਬ ਦਾ ਕਰਜ਼ਾ 2024-25 ਦੇ ਅੰਤ ਤੱਕ 3.74 ਲੱਖ ਕਰੋੜ ਰੁਪਏ ਨੂੰ ਪਾਰ ਕਰਨ ਦਾ ਅਨੁਮਾਨ ਹੈ। ਸਰਕਾਰ ਦਾ ਇਹ ਵਿੱਤੀ ਕੁਪ੍ਰਬੰਧ ਸਾਡੇ ਬੱਚਿਆਂ ਦੇ ਭਵਿੱਖ ਨੂੰ ਗਿਰਵੀ ਰੱਖ ਰਿਹਾ ਹੈ। ਖੁਸ਼ਹਾਲੀ ਲਿਆਉਣ ਦੀ ਬਜਾਏ, 'ਆਪ' ਪੰਜਾਬ ਨੂੰ ਕਰਜ਼ੇ ਵਿੱਚ ਡੂੰਘੀ ਡੁਬੋ ਰਹੀ ਹੈ।"

ਉਨ੍ਹਾਂ ਸਰਕਾਰ ਤੋਂ ਤੁਰੰਤ ਪਾਰਦਰਸ਼ਤਾ ਅਤੇ ਕਾਰਵਾਈ ਦੀ ਮੰਗ ਕੀਤੀ। 'ਆਪ' ਸਰਕਾਰ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਆਪਣੇ ਟੀਚੇ ਪੂਰੇ ਕਰਨ 'ਚ ਨਾਕਾਮ ਕਿਉਂ ਰਹੀ ਹੈ। ਰੇਤ ਖੱਡਾਂ ਦਾ ਵਾਅਦਾ ਕੀਤਾ ਹੋਇਆ ਮਾਲੀਆ ਕਿੱਥੇ ਹੈ? ਉਨ੍ਹਾਂ ਨੇ ਵਧਦੇ ਕਰਜ਼ੇ ਨਾਲ ਨਜਿੱਠਣ ਦੀ ਕੀ ਯੋਜਨਾ ਬਣਾਈ ਹੈ? ਪੰਜਾਬ ਦੇ ਲੋਕ ਇਨ੍ਹਾਂ ਗੰਭੀਰ ਮੁੱਦਿਆਂ 'ਤੇ ਚੁੱਪ ਜਾਂ ਬਹਾਨੇ ਨੂੰ ਬਰਦਾਸ਼ਤ ਨਹੀਂ ਕਰਨਗੇ। ਬਾਜਵਾ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਕਾਂਗਰਸ ਪਾਰਟੀ ਸਰਕਾਰ ਨੂੰ ਜਵਾਬਦੇਹ ਠਹਿਰਾਉਂਦੀ ਰਹੇਗੀ। "ਅਸੀਂ ਉਨ੍ਹਾਂ ਦੀਆਂ ਅਸਫਲਤਾਵਾਂ ਨੂੰ ਉਜਾਗਰ ਕਰਨ ਅਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹਾਂ।

# ਗੁਰਦਾਸਪੁਰ ਦੇ ਥਾਣੇ 'ਤੇ ਹੋਏ ਗ੍ਰਨੇਡ ਹਮਲੇ 'ਚ ਸ਼ਾਮਲ ਤਿੰਨੋਂ ਦਹਿਸ਼ਤਗਰਦ ਪੁਲਿਸ ਮੁਕਾਬਲੇ 'ਚ ਹਲਾਕ

ਪੀਲੀਭੀਤ : ਪੰਜਾਬ ਦੇ ਗੁਰਦਾਸਪੁਰ ਵਿੱਚ ਹੋਏ ਗ੍ਰਨੇਡ ਹਮਲੇ ਵਿੱਚ ਕਥਿਤ ਤੌਰ 'ਤੇ ਸ਼ਾਮਲ ਤਿੰਨ ਸ਼ੱਕੀ ਦਹਿਸ਼ਤਗਰਦ ਤੜਕੇ ਪੀਲੀਭੀਤ ਵਿੱਚ ਉੱਤਰ ਪ੍ਰਦੇਸ਼ ਤੇ ਪੰਜਾਬ ਪੁਲੀਸ ਦੀ ਸਾਂਝੀ ਟੀਮ ਨਾਲ ਹੋਏ ਮੁਕਾਬਲੇ ਵਿੱਚ ਮਾਰੇ ਗਏ ਹਨ। ਇਸ ਨੂੰ ਪੰਜਾਬ ਪੁਲੀਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਮਾਡਿਊਲ ਖ਼ਿਲਾਫ਼ ਪੁਲੀਸ ਦੀ ਇੱਕ ਵੱਡੀ ਸਫਲਤਾ ਕਰਾਰ ਦਿੱਤਾ ਹੈ। ਪੰਜਾਬ ਪੁਲੀਸ ਨੇ ਦੱਸਿਆ ਕਿ ਮਾਰੇ ਗਏ ਦਹਿਸ਼ਤਗਰਦਾਂ ਦੀ ਪਛਾਣ ਗੁਰਵਿੰਦਰ ਸਿੰਘ (25), ਵਰਿੰਦਰ ਸਿੰਘ ਉਰਫ਼ ਰਵੀ (23) ਅਤੇ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਵਜੋਂ ਹੋਈ ਹੈ। ਇਹ ਸਾਰੇ ਹੀ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਦੇ ਰਹਿਣ ਵਾਲੇ ਸਨ ਅਤੇ ਕਲਾਨੌਰ ਦੇ ਬਕਸ਼ੀਵਾਲਾ ਥਾਣੇ 'ਤੇ ਹੋਏ ਗ੍ਰਨੇਡ ਹਮਲੇ 'ਚ ਸ਼ਾਮਲ ਸਨ। ਬਾਅਦ ਵਿੱਚ ਕੇਜ਼ੈੱਡਐੱਫ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ। ਇਹ ਮੁਕਾਬਲਾ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਪੀਲੀਭੀਤ ਦੇ ਪੂਰਨਪੁਰ ਖੇਤਰ ਵਿੱਚ ਹੋਇਆ। ਉੱਤਰ ਪ੍ਰਦੇਸ਼ ਪੁਲੀਸ ਦੇ ਵਧੀਕ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ) ਅਮਿਤਾਭ ਯਸ਼ ਨੇ ਕਿਹਾ ਕਿ ਇਹ ਤਿੰਨੋਂ ਗੁਰਦਾਸਪੁਰ ਜ਼ਿਲ੍ਹੇ ਵਿਚਲੀ ਇੱਕ ਪੁਲੀਸ ਚੌਕੀ 'ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ। ਉਨ੍ਹਾਂ ਕਿਹਾ, "ਮੁਕਾਬਲੇ ਵਿੱਚ ਤਿੰਨਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਸੀਐੱਚਸੀ ਪੂਰਨਪੁਰ ਲਿਜਾਇਆ ਗਿਆ, ਜਿੱਥੇ ਇਨ੍ਹਾਂ ਦੀ ਮੌਤ ਹੋ ਗਈ।" ਉਨ੍ਹਾਂ ਕੋਲੋਂ ਦੋ ਏਕੇ-47 ਰਾਈਫਲਾਂ, ਦੋ ਪਿਸਤੌਲਾਂ ਅਤੇ ਵੱਡੀ ਮਾਤਰਾ ਵਿੱਚ ਗੋਲਾ-ਬਾਰੂਦ ਬਰਾਮਦ ਹੋਇਆ ਹੈ।

ਪੰਜਾਬ ਪੁਲੀਸ ਮੁਖੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉਤੇ ਪਾਈ ਪੋਸਟ 'ਚ ਕਿਹਾ, 'ਪਾਕਿਸਤਾਨ ਦੀ ਸ਼ਹਿ ਹਾਸਲ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜ਼ੈੱਡਐੱਫ) ਅਤਿਵਾਦੀ ਮਾਡਿਊਲ ਖਿਲਾਫ ਇੱਕ ਵੱਡੀ ਸਫਲਤਾ ਵਿੱਚ ਯੂਪੀ ਪੁਲੀਸ ਅਤੇ ਪੰਜਾਬ ਪੁਲੀਸ ਦੇ ਸਾਂਝੇ ਆਪ੍ਰੇਸ਼ਨ ਦੌਰਾਨ ਪੁਲੀਸ ਪਾਰਟੀ 'ਤੇ ਗੋਲੀਬਾਰੀ ਕਰਨ ਵਾਲੇ ਤਿੰਨ ਮਾਡਿਊਲ ਮੈਂਬਰਾਂ ਨਾਲ ਮੁਕਾਬਲਾ ਹੋਇਆ ਹੈ।' ਉਨ੍ਹਾਂ ਕਿਹਾ ਕਿ ਇਹ ਅਤਿਵਾਦੀ ਮਾਡਿਊਲ ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਪੁਲੀਸ ਟਿਕਾਣਿਆਂ 'ਤੇ ਹੋਏ ਗ੍ਰਨੇਡ ਹਮਲਿਆਂ ਵਿੱਚ ਸ਼ਾਮਲ ਸੀ। ਉਨ੍ਹਾਂ ਦੱਸਿਆ, 'ਇਹ ਮੁਕਾਬਲਾ ਪੀਲੀਭੀਤ ਤੇ ਪੰਜਾਬ ਦੀਆਂ ਸਾਂਝੀਆਂ ਪੁਲੀਸ ਟੀਮਾਂ ਅਤੇ ਅਤਿਵਾਦੀਆਂ ਵਿਚਕਾਰ ਪੂਰਨਪੁਰ ਥਾਣਾ ਖੇਤਰ ਵਿੱਚ ਹੋਇਆ ਹੈ ਅਤੇ ਇਹ ਤਿੰਨ ਮਾਡਿਊਲ ਮੈਂਬਰ ਗੁਰਦਾਸਪੁਰ ਵਿੱਚ ਇੱਕ ਪੁਲੀਸ ਚੌਕੀ 'ਤੇ ਹੋਏ ਗ੍ਰਨੇਡ ਹਮਲੇ ਵਿੱਚ ਸ਼ਾਮਲ ਸਨ।" ਡੀਜੀਪੀ ਨੇ ਕਿਹਾ ਕਿ ਪੂਰੇ ਅਤਿਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਲਈ ਜਾਂਚ ਜਾਰੀ ਹੈ।





## ਨੌਜਵਾਨਾਂ ਦੇ ਮਾਪਿਆਂ ਨੇ ਦੋਸ਼ ਨਕਾਰੇ

ਗੁਰਦਾਸਪੁਰ : ਉੱਤਰ ਪ੍ਰਦੇਸ਼ ਦੇ ਪੀਲੀਭੀਤ 'ਚ ਪੁਲੀਸ ਮੁਕਾਬਲੇ 'ਚ ਮਾਰੇ ਗਏ ਤਿੰਨ ਨੌਜਵਾਨਾਂ 'ਚੋਂ ਦੋ ਦੇ ਮਾਪਿਆਂ ਨੇ ਨੌਜਵਾਨਾਂ 'ਤੇ ਲੱਗੇ ਦੋਸ਼ ਨਕਾਰ ਦਿੱਤੇ ਹਨ ਜਦਕਿ ਇੱਕ ਨੌਜਵਾਨ ਦਾ ਅਪਰਾਧਿਕ ਰਿਕਾਰਡ ਹੈ। ਤਿੰਨੇ ਨੌਜਵਾਨ ਗੁਰਦਾਸਪੁਰ ਜ਼ਿਲ੍ਹੇ ਦੇ ਕਲਾਨੌਰ ਇਲਾਕੇ ਦੇ ਵਸਨੀਕ ਸਨ। ਇਨ੍ਹਾਂ ਵਿੱਚੋਂ ਗੁਰਵਿੰਦਰ ਸਿੰਘ (25) ਪੁੱਤਰ ਗੁਰਦੇਵ ਸਿੰਘ ਕਲਾਨੌਰ ਦੇ ਪਿੰਡ ਰਹੀਮਾਬਾਦ ਦਾ ਰਹਿਣ ਵਾਲਾ ਸੀ ਤੇ ਪਿਛਲੇ ਕੁਝ ਸਾਲਾਂ ਤੋਂ ਕਲਾਨੌਰ ਵਿੱਚ ਰਹਿ ਰਿਹਾ ਸੀ। ਗੋਦ ਲਿਆ ਗਿਆ ਗੁਰਵਿੰਦਰ ਸਿੰਘ ਲੁੱਟ-ਖੋਹ ਦੀਆਂ ਛੋਟੀਆਂ-ਮੋਟੀਆਂ ਵਾਰਦਾਤਾਂ ਅੰਜਾਮ ਦੇ ਚੁੱਕਾ ਸੀ ਤੇ ਉਸ ਖ਼ਿਲਾਫ਼ ਕੁਝ ਕੇਸ ਵੀ ਦਰਜ ਹਨ। ਕੁਝ ਸਾਲ ਪਹਿਲਾਂ ਇੱਕ ਨੌਜਵਾਨ ਦੀ ਨਹਿਰ ਵਿੱਚ ਡੁੱਬ ਕੇ ਮੌਤ ਹੋਣ ਮਗਰੋਂ ਉਸ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਗਿਆ ਸੀ ਅਤੇ ਉਹ ਜ਼ਮਾਨਤ 'ਤੇ ਰਿਹਾਅ ਸੀ। ਇਸ ਤੋਂ ਬਾਅਦ ਉਹ ਕਲਾਨੌਰ 'ਚ ਇਕੱਲਾ ਰਹਿਣ ਲੱਗਾ। ਸੂਤਰਾਂ ਨੇ ਦੱਸਿਆ ਕਿ ਉਸ ਦਾ ਇਕ ਰਿਸ਼ਤੇਦਾਰ ਪੀਲੀਭੀਤ 'ਚ ਰਹਿੰਦਾ ਹੈ। ਦੂਜਾ ਨੌਜਵਾਨ ਥਾਣਾ ਕਲਾਨੌਰ ਅਧੀਨ ਆਉਂਦੇ ਪਿੰਡ ਅਗਵਾਨ ਦਾ ਰਹਿਣ ਵਾਲਾ ਵਰਿੰਦਰ ਸਿੰਘ ਉਰਫ ਰਵੀ (23) ਪੁੱਤਰ ਡਾਕਟਰ ਰਣਜੀਤ ਸਿੰਘ ਸੀ। ਉਸ ਦਾ ਇੱਕ ਭਰਾ ਤੇ ਦੋ ਭੈਣਾਂ ਹਨ। ਗੁਰਵਿੰਦਰ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਦਾ ਪੁੱਤ ਅਜਿਹਾ ਕੰਮ ਨਹੀਂ ਕਰ ਸਕਦਾ। ਤੀਜਾ ਨੌਜਵਾਨ ਥਾਣਾ ਕਲਾਨੌਰ ਦੇ ਸਰਹੱਦੀ ਪਿੰਡ ਨਿੱਕਾ ਸ਼ਹੂਰ ਦਾ ਰਹਿਣ ਵਾਲਾ ਜਸ਼ਨਪ੍ਰੀਤ ਸਿੰਘ ਉਰਫ਼ ਪ੍ਰਤਾਪ ਸਿੰਘ (18) ਹੈ। ਜਸ਼ਨਪ੍ਰੀਤ ਦੀ ਮਾਂ ਨੇ ਦੱਸਿਆ ਕਿ ਜਸ਼ਨਪ੍ਰੀਤ ਇੱਕ ਹਫ਼ਤਾ ਪਹਿਲਾਂ ਟਰੱਕ 'ਤੇ ਡਰਾਈਵਰੀ ਕਰਨ ਲਈ ਗਿਆ ਸੀ ਜਦਕਿ ਇਸ ਦੌਰਾਨ ਬਖਸ਼ੀਵਾਲ ਅਤੇ ਵਡਾਲਾ ਬਾਂਗਰ ਵਿੱਚ ਧਮਾਕੇ ਹੋਣ ਤੋਂ ਬਾਅਦ ਕੋਈ ਪੁਲੀਸ ਕਰਮਚਾਰੀ ਉਨ੍ਹਾਂ ਦੇ ਘਰ ਨਹੀਂ ਪੁੱਜਾ ਪਰ ਅੱਜ ਉਨ੍ਹਾਂ ਨੂੰ ਪਤਾ ਲੱਗਾ ਕਿ ਜਸ਼ਨਪ੍ਰੀਤ ਨੂੰ ਪੁਲੀਸ ਨੇ ਮੁਕਾਬਲੇ ਵਿੱਚ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੂੰ ਝੂਠੇ ਮੁਕਾਬਲੇ 'ਚ ਮਾਰਿਆ ਗਿਆ ਹੈ। ਉਨ੍ਹਾਂ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ। ਜਸ਼ਨਪ੍ਰੀਤ ਦਾ ਤਿੰਨ ਮਹੀਨੇ ਪਹਿਲਾਂ ਵਿਆਹ ਹੋਇਆ ਸੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
NUTRA SELECT
AJWA DATE FRESH SEED POWDER
100% NATURAL PRODUCT
PRODUCT OF CANADA

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਣਨ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ... with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
To Contact Us:
Editor:
Simrat Grewal
905-673-7666
Marketing Director:
Lakhwinder Singh Sandhu
647-400-7314
Senior Advisors:
Harkirat Singh
Abnash Nijjor
Davinder Sandhu
Onkar Grewal
Technical Director :
Bobby Bhamra
Accounts Advisor:
Sandeep Assi (CGA)
905-450-8999
Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)
Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611
website:-
www.punjabstar.com
Email:-
editor@punjabstar.com
Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਦੇਸ਼, ਕੌਮ ਤੇ ਧਰਮ ਦੀ ਰਾਖੀ ਲਈ ਦਸਮ ਪਿਤਾ ਜੀ ਦੇ ਪਰਿਵਾਰ ਦੀ ਅਦੁੱਤੀ ਸ਼ਹਾਦਤ



ਪੋਹ ਦੇ ਮਹੀਨੇ ਦੀਆਂ ਠੰਡੀਆਂ ਰਾਤਾਂ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਮੁੱਚੇ ਪਰਿਵਾਰ ਨੇ ਇੱਕ ਅਜਿਹਾ ਇਤਿਹਾਸ ਸਿਰਜਿਆ, ਜੋ ਕੁਰਬਾਨੀ ਅਤੇ ਸ਼ਹਾਦਤ ਦੀ ਮੂੰਹੋਂ ਬੋਲਦੀ ਤਸਵੀਰ ਹੈ। ਇਸ ਇਤਿਹਾਸ ਦੀ ਦਾਸਤਾਨ ਨਾ ਸਿਰਫ ਸਿੱਖ ਧਰਮ ਲਈ ਪ੍ਰੇਰਣਾਦਾਇਕ ਹੈ ਬਲਕਿ ਸਮੁੱਚੀ ਮਨੁੱਖਤਾ ਲਈ ਇੱਕ ਮਿਸਾਲ ਹੈ। ਇਹ ਇਤਿਹਾਸ ਸਾਨੂੰ ਸਿਖਾਉਂਦਾ ਹੈ ਕਿ ਧਰਮ ਅਤੇ ਸੱਚ ਦੇ ਰਾਹ ਵਿੱਚ ਆਪਣੇ ਆਪ ਦੀ ਕੁਰਬਾਨੀ ਵੀ ਘੱਟ ਨਹੀਂ ਹੁੰਦੀ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਇਸ ਤਿਆਗ ਦੇ ਸਿਰਮੌਰ ਪੱਧਰ ਦੀ ਨਿਸ਼ਾਨੀ ਹੈ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਨੇ ਚਮਕੌਰ ਦੀ ਜੰਗ ਵਿੱਚ ਵੈਰੀਆਂ ਨਾਲ ਲੜਦੇ ਹੋਏ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ। ਉਹਨਾਂ ਦੀ ਵੀਰਤਾ ਅਤੇ ਬਹਾਦਰੀ ਦੇ ਕਿੱਸੇ ਅੱਜ ਵੀ ਸਾਨੂੰ ਸੱਚ ਦੇ ਰਾਹ ਤੇ ਡਟੇ ਰਹਿਣ ਦਾ ਹੌਂਸਲਾ ਦਿੰਦੇ ਹਨ। ਚਮਕੌਰ ਦੀ ਜੰਗ ਨਾ ਸਿਰਫ ਸਿੱਖ ਇਤਿਹਾਸ ਵਿੱਚ ਬਲਕਿ ਦੁਨੀਆਂ ਦੇ ਇਤਿਹਾਸ 'ਚ ਅੱਜ ਵੀ ਬੇਮਿਸਾਲ ਮੰਨੀ ਜਾਂਦੀ ਹੈ।

ਉਸੇ ਦੌਰਾਨ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੇ ਵੀ ਕੁਰਬਾਨੀ ਦਾ ਅਜਿਹਾ ਇਤਿਹਾਸ ਰਚਿਆ ਜੋ ਅਦੁੱਤੀ ਹੈ। ਨਿੱਕੀ ਉਮਰੇ ਛੋਟੇ ਸਾਹਿਬਜ਼ਾਦਿਆਂ ਨੇ ਹੱਸਦੇ ਹੋਏ ਆਪਣੀ ਸ਼ਹੀਦੀ ਦਿੱਤੀ, ਪਰ ਧਰਮ ਤੋਂ ਪਿੱਛੇ ਨਹੀਂ ਹਟੇ। ਸਰਹਿੰਦ ਦੇ ਨਵਾਬ ਵਲੋਂ ਉਹਨਾਂ ਨੂੰ ਨੀਹਾਂ 'ਚ ਚਿਣਵਾਇਆ ਗਿਆ, ਪਰ ਉਹਨਾਂ ਨੂੰ ਆਪਣੇ ਧਰਮ ਤੋਂ ਕੋਈ ਹਿਲਾ ਨਹੀਂ ਸਕਿਆ। ਮਾਤਾ ਗੁਜਰੀ ਜੀ, ਜੋ ਉਹਨਾਂ ਦੇ ਨਾਲ ਹੀ ਠੰਡੇ ਬੁਰਜ ਵਿੱਚ ਕੈਦ ਸਨ, ਉਹਨਾਂ ਨੇ ਵੀ ਸਬਰ ਅਤੇ ਪ੍ਰਮਾਤਮਾ ਦੀ ਰਜ਼ਾ ਵਿਚ ਰਹਿੰਦੀਆਂ ਇਸ ਸ਼ਹਾਦਤ ਨੂੰ ਖਿੜ੍ਹੇ ਮੱਥੇ ਸਵੀਕਾਰ ਕਰ ਆਪਣੀ ਆਤਮਾ ਨੂੰ ਅਕਾਲ ਪੁਰਖ ਅੱਗੇ ਸਮਰਪਿਤ ਕੀਤਾ। ਇਸੇ ਤਰ੍ਹਾਂ ਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਵੀ ਦਿੱਲੀ ਦੇ ਚਾਂਦਨੀ ਚੌਂਕ ਵਿੱਖੇ ਦੇਸ਼-ਕੌਮ ਲਈ ਲਾਸਾਨੀ ਸ਼ਹਾਦਤ ਦਿੱਤੀ।

ਇਹ ਸਾਰੀਆਂ ਘਟਨਾਵਾਂ ਸਾਡੇ ਸਾਹਮਣੇ ਸ਼ਹਾਦਤ ਦਾ ਉਹ ਚਿੱਤਰ ਪੇਸ਼ ਕਰਦੀਆਂ ਹਨ, ਜਿਸਨੂੰ ਦੁਨੀਆਂ ਵਿੱਚ ਕਿਸੇ ਹੋਰ ਧਰਮ ਜਾਂ ਕੌਮ ਨੇ ਨਹੀਂ ਹੰਢਾਇਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਰੇ ਘਟਨਾ ਚੱਕਰ ਨੂੰ ਅਕਾਲ ਪੁਰਖ ਦੀ ਰਜਾ ਮੰਨਦੇ ਹੋਏ ਕਦੇ ਵੀ ਆਪਣੇ ਮਨ ਵਿੱਚ ਨਿਰਾਸ਼ਾ ਜਾਂ ਦੁਖ ਨਹੀਂ ਮਨਾਇਆ। ਉਹਨਾਂ ਦੀ ਇਹ ਸੋਚ ਸਾਡੇ ਸਾਰਿਆਂ ਲਈ ਜੀਵਨ ਦੇ ਹਰ ਪੱਖ ਵਿੱਚ ਪ੍ਰੇਰਨਾ ਦਾ ਸਰੋਤ ਹੈ।

ਧਰਮ ਦੇ ਇਤਿਹਾਸ ਵਿਚ ਇਹ ਸਾਰੀ ਘਟਨਾ ਸਿੱਖਾਂ ਦੀ ਆਤਮਿਕ ਸ਼ਕਤੀ ਅਤੇ ਸ਼ਹੀਦੀ ਦੀ ਮਹਾਨਤਾ ਨੂੰ ਦਰਸਾਉਂਦੀ ਹੈ। ਇਹਨਾਂ ਕੁਰਬਾਨੀਆਂ ਨੇ ਸਿੱਖ ਕੌਮ ਨੂੰ ਸਦਾ ਲਈ ਇਹ ਸਿਖਾਇਆ ਕਿ ਸੱਚਾਈ ਅਤੇ ਧਰਮ ਦੇ ਰਾਹ ਤੇ ਚਲਦੇ ਹੋਏ ਕੋਈ ਵੀ ਵੱਡੀ ਤੋਂ ਵੱਡੀ ਔਕੜ੍ਹ ਉਹਨਾਂ ਨੂੰ ਝੁਕਾ ਨਹੀਂ ਸਕਦੀ। ਇਹ ਕੁਰਬਾਨੀਆਂ ਸਾਡੇ ਲਈ ਸਿਰਫ ਇਤਿਹਾਸਕ ਕਿੱਸੇ ਹੀ ਨਹੀਂ ਹਨ ਸਗੋਂ ਇਹ ਸਮੁੱਚੀ ਮਨੁੱਖਤਾ ਲਈ ਸੱਚਾਈ, ਧੀਰਜ ਅਤੇ ਅਡੋਲਤਾ ਦੇ ਸਬਕ ਵੀ ਹਨ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਪਰਿਵਾਰ ਦੀ ਇਹ ਸ਼ਹਾਦਤ ਅੱਜ ਵੀ ਸਾਡੇ ਲਈ ਪ੍ਰੇਰਣਾ ਸਰੋਤ ਹੈ। ਇਹ ਸਾਡੇ ਦਿਲਾਂ ਵਿੱਚ ਇਹ ਯਕੀਨ ਪੈਦਾ ਕਰਦੀ ਹੈ ਕਿ ਧਰਮ ਅਤੇ ਸੱਚਾਈ ਲਈ ਜੇ ਅਸੀਂ ਸੱਚੇ ਦਿਲ ਨਾਲ ਖੜ੍ਹੇ ਹੋਈਏ, ਤਾਂ ਕੋਈ ਵੀ ਤਾਕਤ ਸਾਨੂੰ ਰੋਕ ਨਹੀਂ ਸਕਦੀ। ਇਹ ਸ਼ਹਾਦਤ ਸਾਨੂੰ ਯਾਦ ਕਰਾਉਂਦੀ ਹੈ ਕਿ ਸੱਚਾ ਸਿੱਖ ਕਦੇ ਵੀ ਜ਼ੁਲਮ ਅੱਗੇ ਨਹੀਂ ਝੁਕਦਾ ਤੇ ਨਾ ਹੀ ਕਦੇ ਮੌਤ ਤੋਂ ਡਰਦਾ ਹੈ, ਬਲਕਿ ਉਹ ਇਸ ਨੂੰ ਵੀ ਆਪਣੀ ਜਿੱਤ ਦਾ ਮੌਕਾ ਬਣਾ ਲੈਂਦਾ ਹੈ।



ਬਲਦੇਵ ਸਿੰਘ ਬੇਦੀ
ਜਲੰਧਰ

# ਅਕਾਲੀਆਂ, ਸ਼੍ਰੋਮਣੀ ਕਮੇਟੀ, ਪੰਥਕ ਜਥੇਬੰਦੀਆਂ ਅਤੇ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਰਾਹੀਂ ਖੇਡੀ ਜਾ ਰਹੀ ਸਿਆਸਤ?



ਸਿੱਖਾਂ ਦੇ ਵੱਖ-ਵੱਖ ਧਾਰਮਿਕ ਤੇ ਸਿਆਸੀ ਧੜੇ, ਸੰਸਥਾਵਾਂ, ਜਥੇਬੰਧੀਆਂ, ਸਿੱਖ ਵਿਦਵਾਨ, ਪ੍ਰਚਾਰਕ ਆਦਿ ਪਿਛਲੇ 50-60 ਸਾਲਾਂ ਤੋਂ ਅਕਾਲ ਤਖਤ ਦੇ ਜਥੇਦਾਰਾਂ ਕੋਲ ਆਪਣੇ ਧਾਰਮਿਕ ਤੇ ਸਿਆਸੀ ਮਸਲੇ ਲੈ ਕੇ ਜਾਂਦੇ ਰਹੇ ਹਨ। ਜਿਨ੍ਹਾਂ ਦਾ ਕਦੇ ਕੋਈ ਸਾਰਥਕ ਹੱਲ ਨਹੀਂ ਹੋਇਆ। ਕਾਰਨ ਸਪੱਸ਼ਟ ਹੈ ਕਿ ਜਿਨ੍ਹਾਂ ਤਖਤਾਂ ਅਤੇ ਉਨ੍ਹਾਂ ਉਪਰ ਬੈਠੇ ਜਥੇਦਾਰਾਂ ਨੂੰ ਗੁਰੂ ਸਾਹਿਬਾਨ ਨਾਲ਼ ਜੋੜ ਕੇ ਸਰਬਉਚ ਬਣਾਈ ਬੈਠੇ ਹਾਂ, ਉਨ੍ਹਾਂ ਕੋਲ਼ ਨਾ ਹੀ ਅਜਿਹੇ ਮਸਲਿਆਂ ਨੂੰ ਹੱਲ ਕਰਨ ਦੀ ਸਮਰੱਥਾ ਹੈ ਅਤੇ ਨਾ ਹੀ ਉਨ੍ਹਾਂ ਦਾ ਬੌਧਿਕ ਪੱਧਰ ਅਜਿਹਾ ਹੈ ਕਿ ਉਹ ਦੁਨੀਆਂ ਭਰ ਵਿੱਚ ਵੱਸਦੇ ਵੱਡੇ ਸਿੱਖ ਭਾਈਚਾਰੇ ਦੀ ਮਾਨਸਿਕਤਾ ਨੂੰ ਸਮਝ ਸਕਣ ਜਾਂ ਮਾਡਰਨ ਵਰਲਡ ਦੀਆਂ ਤਲਖ ਹਕੀਕਤਾਂ ਅਨੁਸਾਰ ਕੋਈ ਨਿਰਪੱਖ ਫੈਸਲਾ ਹੀ ਕਰ ਸਕਣ।

ਬਹੁਤੀ ਵਾਰ ਅਜਿਹਾ ਵੀ ਵਾਪਰਿਆ ਹੈ ਕਿ ਇਨ੍ਹਾਂ ਉਚ ਅਹੁਦਿਆਂ 'ਤੇ ਬਿਰਾਜਮਾਨ ਆਪਣੇ ਆਪ ਨੂੰ ਗੁਰੂ ਹਰਿਗੋਬਿੰਦ ਸਾਹਿਬ ਦਾ ਅਵਤਾਰ ਸਮਝਣ ਦਾ ਭਰਮ ਪਾਲ਼ੀ ਬੈਠੇ 'ਸਿੰਘ ਸਾਹਿਬਾਨ' ਫੈਸਲੇ ਲੈਣ ਸਮੇਂ ਬੜੇ ਬੌਨੇ ਸਾਬਿਤ ਹੋਏ ਹਨ ਅਤੇ ਇਨ੍ਹਾਂ ਦੇ ਬਹੁਤੇ ਫੈਸਲੇ ਆਪਣੇ ਸਿਆਸੀ ਆਕਾਵਾਂ ਦੀਆਂ ਇਛਾਵਾਂ ਅਨੁਸਾਰ ਹੁੰਦੇ ਹਨ। ਪਿਛਲੇ ਸਮੇਂ 'ਚ ਇਨ੍ਹਾਂ ਨੂੰ ਸਰਬਉਚ ਅਹੁਦਿਆਂ 'ਤੇ ਥਾਪਣ ਵਾਲ਼ੇ ਸਿਆਸੀ ਮਾਲਕ ਆਪਣੇ ਜਾਤੀ ਤੇ ਜਮਾਤੀ ਹਿੱਤਾਂ ਅਨੁਸਾਰ ਬੜੇ ਬੇਇੱਜਤ ਕਰਕੇ ਬਾਹਰ ਦਾ ਰਸਤਾ ਦਿਖਾਉਂਦੇ ਰਹੇ ਹਨ।

ਸਿੱਖ ਸਮਾਜ ਦੀ ਦੇਸ਼-ਵਿਦੇਸ਼ ਵਿਚਲੀ ਬਹੁ-ਗਿਣਤੀ, ਧਾਰਮਿਕ ਤੇ ਸਿਆਸੀ ਲੀਡਰਸ਼ਿਪ ਦੇ ਨਾਲ਼-ਨਾਲ਼ ਬੁੱਧੀਜੀਵੀ ਤੇ ਪ੍ਰਚਾਰਕ ਵਰਗ ਬੌਧਿਕ ਕੰਗਾਲੀ ਦਾ ਸ਼ਿਕਾਰ ਹੈ। ਸਿੱਖ ਸਮਾਜ ਅਤੇ ਸਿੱਖ ਸੰਸਥਾਵਾਂ 'ਤੇ ਕਾਬਿਜ਼ ਧੜਿਆਂ ਦੀ ਇਹ ਤਰਾਸਦੀ ਹੈ ਕਿ ਜਦੋਂ ਕੋਈ ਮਸਲਾ ਉਲਝ ਜਾਂਦਾ ਹੈ ਤਾਂ ਇਹ ਮਾਡਰਨ ਵਰਲਡ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਅਨੁਸਾਰ ਸੋਚ-ਵਿਚਾਰ ਕੇ ਕੋਈ ਹੱਲ ਕਰ ਦੀ ਥਾਂ ਕਿਸੇ ਸਰਬ-ਸਮਰੱਥ ਸ਼ਕਤੀ ਕੋਲੋਂ ਮਦਾਰੀ ਦੇ ਝੁਰਲੂ ਨਾਲ ਹੱਲ ਕਰਵਾਉਣਾ ਚਾਹੁੰਦੇ ਹਨ।

ਇੱਕ ਵਿਚਾਰ ਵਾਲ਼ਾ ਤੱਥ ਇਹ ਵੀ ਹੈ ਕਿ ਇਹ ਮਾਮਲੇ ਵੀ ਉਸ ਸੰਸਥਾ ਕੋਲ ਲਿਜਾਂਦੇ ਹਨ, ਜਿਸਦਾ ਆਪਣਾ ਕੋਈ ਵਿਧੀ-ਵਿਧਾਨ ਹੀ ਨਹੀਂ ਹੈ। ਜਿਸਦੇ ਜਥੇਦਾਰਾਂ ਨੂੰ ਵੀ ਆਪਣੇ ਅਧਿਕਾਰਾਂ ਅਤੇ ਕਾਰਜ ਖੇਤਰ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ। ਤਕਰੀਬਨ 20 ਕੁ ਸਾਲ ਪਹਿਲਾਂ ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ ਨੇ ਆਪਣੇ ਕਾਰਕਾਲ ਦੌਰਾਨ ਸ਼੍ਰੋਮਣੀ ਕਮੇਟੀ ਨੂੰ ਇੱਕ ਚਿੱਠੀ ਲਿਖ ਕੇ ਮੰਗ ਕੀਤੀ ਸੀ ਕਿ ਪੰਜ ਸਿੰਘ ਸਾਹਿਬਾਨ ਨੂੰ ਲਗਾਉਣ, ਹਟਾਉਣ ਦੇ ਵਿਧੀ-ਵਿਧਾਨ, ਕਾਰਜ ਖੇਤਰ ਬਾਰੇ ਲਿਖਤੀ ਗਾਈਡ ਲਾਈਨ ਬਣਾਈ ਜਾਵੇ। ਇਸ ਬਾਰੇ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਦਵਾਨਾਂ ਦੀ ਕਮੇਟੀ ਵੀ ਬਣਾਈ ਸੀ, ਪਰ ਦੋ ਦਹਾਕੇ ਬੀਤਣ ਬਾਅਦ ਉਸਦਾ ਕੀ ਬਣਿਆ, ਕਿਸੇ ਨੂੰ ਕੁਝ ਪਤਾ ਨਹੀਂ? ਜਿਵੇਂ ਪਿਛਲੇ ਸਾਲ ਜਦੋਂ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੇ 5-7 ਹਜ਼ਾਰ ਸਾਥੀਆਂ ਦੀ ਭੀੜ ਨਾਲ਼ ਗੁਰੂ ਗ੍ਰੰਥ ਸਾਹਿਬ ਦੀ ਓਟ 'ਚ ਥਾਣੇ 'ਤੇ ਕਬਜਾ ਕਰ ਲਿਆ ਸੀ ਤਾਂ ਜਥੇਦਾਰਾਂ ਨੇ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ ਸੀ, ਤਕਰੀਬਨ ਦੋ ਸਾਲ ਬੀਤਣ ਤੋਂ ਬਾਅਦ ਕੋਈ ਨਹੀਂ ਦੱਸ ਸਕਦਾ, ਕੀ ਉਸ ਕਮੇਟੀ ਕੋਈ ਰਿਪੋਰਟ ਦਿੱਤੀ? ਜੇ ਨਹੀਂ ਦਿੱਤੀ ਤਾਂ ਕੀ ਜਥੇਦਾਰਾਂ ਨੇ ਉਨ੍ਹਾਂ ਨੂੰ ਪੁੱਛਿਆ? ਜੇ ਦਿੱਤੀ ਸੀ ਤਾਂ ਜਥੇਦਾਰਾਂ ਨੁ ਜਨਤਕ ਕਿਉਂ ਨਹੀਂ ਕੀਤੀ ਜਾਂ ਕੋਈ ਕਾਰਵਾਈ ਕਿਉਂ ਨਹੀਂ ਕੀਤੀ?

ਪੰਥ ਨੂੰ ਹਮੇਸ਼ਾਂ ਕੋਈ ਮੁੱਦਾ ਚਾਹੀਦਾ ਹੈ, ਰੌਲ਼ਾ-ਰੱਪਾ ਪਾਉਣ ਲਈ, ਇਹ ਮੁੱਦਾ ਉਤਨਾ ਚਿਰ ਹੀ ਚੱਲਦਾ ਹੈ, ਜਿਤਨੀ ਦੇਰ ਕੋਈ ਮੁੱਦਾ ਆ ਨਾ ਜਾਵੇ ਜਾਂ ਬਣਾ ਨਾ ਲਿਆ ਜਾਵੇ? ਤੁਸੀਂ ਬਹੁਤ ਪਿੱਛੇ ਨਾ ਜਾਉ, ਪਿਛਲੇ 10-15 ਸਾਲਾਂ ਦੀਆਂ ਅਖ਼ਬਾਰਾਂ ਦੇਖ ਲਉ, ਕਿਤਨੇ ਮੁੱਦੇ ਆਏ, ਕਿਤਨੇ ਗਏ? ਫਰ ਕਦੇ ਕਿਸੇ ਦਾ ਹੱਲ ਨਿਕਲ਼ਿਆ ਹੋਵੇ? ਕਦੇ ਕਿਸੇ ਨੇ ਸਵਾਲ ਨਹੀਂ ਕੀਤਾ ਕਿ ਨਵੇਂ ਮੁੱਦੇ ਬਾਅਦ 'ਚ ਦੇਖਾਂਗੇ, ਪਹਿਲਾਂ ਪਿਛਲਿਆਂ ਬਾਰੇ ਦੱਸੋ, ਕੀ ਹੋਇਆ ਸੀ?

ਜਦੋਂ ਜਥੇਦਾਰ ਵੇਦਾਂਤੀ ਨੂੰ ਬੇਇੱਜ਼ਤ ਹੋ ਕੇ 2008 ਵਿੱਚ ਰੁਖਸਤ ਹੋਣਾ ਪਿਆ ਤਾਂ ਚਾਹੀਦਾ ਤਾਂ ਇਹ ਸੀ ਕਿ ਅਗਲਾ ਜਥੇਦਾਰ ਉਦੋਂ ਤੱਕ ਅਹੁਦਾ ਨਾ ਸੰਭਾਲਦਾ, ਜਦੋਂ ਤੱਕ ਅਕਾਲ ਤਖਤ ਦੀ ਸੰਸਥਾ ਅਤੇ ਜਥੇਦਾਰਾਂ ਬਾਰੇ ਸ਼੍ਰੋਮਣੀ ਕਮੇਟੀ ਕੋਈ ਵਿਧੀ ਵਿਧਾਨ ਅਤੇ ਕਾਰਜ ਖੇਤਰ ਨਿਰਧਾਰਿਤ ਨਾ ਕਰਦੀ। ਪਰ ਉਥੇ ਤਾਂ ਗ੍ਰੰਥੀਆਂ ਦੀ ਲਾਈਨ ਲੱਗੀ ਰਹਿੰਦੀ ਹੈ ਕਿ ਕਿਵੇਂ ਨਾ ਕਿਵੇਂ ਇਨ੍ਹਾਂ ਅਹੁਦਿਆਂ 'ਤੇ ਪਹੁੰਚ ਕੇ ਜਿਤਨਾ ਸਮਾਂ ਮਿਲ਼ੇ, ਨਿੱਜੀ ਲਾਭ ਲਏ ਜਾ ਸਕਣ। ਹਰ ਇੱਕ ਦੀ ਦੌੜ ਇਸ ਸੰਸਥਾ ਅਤੇ ਇੱਥੇ ਬੈਠੇ ਗ੍ਰੰਥੀਆਂ ਨੂੰ ਸਰਬਉਚ ਪੇਸ਼ ਕਰਕੇ ਆਪਣੇ ਜਾਤੀ ਤੇ ਜਮਾਤੀ ਹਿੱਤਾਂ ਲਈ ਵਰਤਣ ਦੀ ਹੈ।

ਮੇਰਾ ਮੰਨਣਾ ਹੈ ਕਿ ਸਿੱਖ ਜਮਾਤੀ ਤੌਰ 'ਤੇ ਪਿਛਲੇ 150 ਸਾਲਾਂ ਵਿੱਚ ਆਪਣਾ ਕੋਈ ਮਸਲਾ ਹੱਲ ਨਹੀਂ ਕਰ ਸਕੇ। ਜਿਹੜੇ ਹੱਲ ਕਰਨ ਦੇ ਦਾਅਵੇ ਕੀਤੇ ਗਏ, ਉਹ ਹੱਲ ਹੋਣ ਦੀ ਥਾਂ ਹੋਰ ਉਲਝਾ ਦਿੱਤੇ ਗਏ ਹਨ। ਇਨ੍ਹਾਂ ਉਲਝਿਆਂ ਮਸਲਿਆਂ ਨੂੰ ਸੁਲਝਾਉਣ ਦੀ ਕੋਸ਼ਿਸ਼ ਵਿੱਚ ਹੋਰ ਉਲਝ ਕੇ ਅਨੇਕਾਂ ਨਵੇਂ ਮਸਲੇ ਖੜੇ ਕਰ ਲਏ ਗਏ ਹਨ। ਕਿਸੇ ਵੀ ਮਸਲੇ ਲਈ ਆਪਣੀ ਜ਼ਿੰਮੇਵਾਰੀ ਲੈਣ ਦੀ ਥਾਂ ਕੋਈ ਨਾ ਕੋਈ ਵਿਰੋਧੀ ਲੱਭ ਕੇ ਸਾਰਾ ਦੋਸ਼ ਉਸ ਉਪਰ ਮੜ੍ਹ ਦਿੱਤਾ ਜਾਂਦਾ ਰਿਹਾ ਹੈ। ਮੇਰੀ ਸਮਝ ਅਨੁਸਾਰ ਇਸਦਾ ਕਾਰਨ ਇਹ ਹੈ ਕਿ 18ਵੀਂ ਸਦੀ ਦਾ ਸਮਾਂ ਵਿਦੇਸ਼ੀ ਹਮਲਾਵਰਾਂ ਨਾਲ਼ ਜੰਗਾਂ ਯੁੱਧਾਂ ਦਾ ਸੀ, ਜਿਸ ਵਿੱਚ ਸਿੱਖਾਂ ਨੇ ਬੜੀਆਂ ਕੁਰਬਾਨੀਆਂ ਕੀਤੀਆਂ। ਪਰ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਲਾਭ ਉਠਾ ਕੇ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਨਿੱਜੀ ਰਾਜ ਕਾਇਮ ਕਰ ਲਿਆ। ਫਿਰ ਅੰਗਰੇਜ਼ ਆਏ ਤਾਂ ਉਨ੍ਹਾਂ ਨੇ ਸਿੱਖਾਂ ਦੇ ਬਹਾਦਰੀ ਵਾਲ਼ੇ ਜਜ਼ਬੇ ਨੂੰ ਆਪਣੀ ਫੌਜ ਵਿੱਚ ਭਰਤੀ ਕਰਕੇ ਵਰਤਿਆ। ਅਜਿਹੇ ਮਾਹੌਲ ਵਿੱਚ ਸਿੱਖਾਂ ਵਿੱਚ ਉਹ ਲੋਕ ਹੀ ਭਾਰੂ ਰਹੇ, ਜੋ ਗਰਮ ਸੁਰ ਰੱਖਦੇ ਸਨ। ਜਿਸ ਨਾਲ਼ ਹੌਲ਼ੀ-ਹੌਲ਼ੀ ਸਭ ਪਾਸੇ ਪੜ੍ਹੇ-ਲਿਖੇ, ਸੋਚਵਾਨ ਲੋਕਾਂ ਨੂੰ ਪਰ੍ਹਾਂ ਧੱਕ ਦਿੱਤਾ ਗਿਆ। ਹਰ ਪਾਸੇ ਸਵਾਰਥੀ, ਮੌਕਾਪ੍ਰਸਤ ਤੇ ਚਾਪਲੂਸ ਲੋਕ ਹੀ ਕਾਬਿਜ ਹੋ ਗਏ। ਹੁਣ ਤੁਹਾਨੂੰ ਇੱਕ ਪਿੰਡ ਤੋਂ ਲੈ ਕੇ ਦੇਸ਼-ਵਿਦੇਸ਼ ਵਿੱਚ ਵੱਸਦੇ ਸਿੱਖ ਭਾਈਚਾਰੇ ਵਿੱਚ ਹਰ ਥਾਂ ਅਜਿਹੇ ਲੋਕ ਹੀ ਭਾਰੂ ਦਿਸਣਗੇ। ਆਮ ਲੋਕ, ਸੂਝਵਾਨ ਤੇ ਪੜ੍ਹ-ਲਿਖੇ ਚੁੱਪ ਹੋ ਕੇ ਬੈਠ ਗਏ ਹਨ। ਜਿਸ ਕਰਕੇ ਸਭ ਪਾਸੇ ਹਫੜਾ-ਦਫੜੀ ਦਾ ਮਾਹੌਲ ਹੈ।

ਮੌਜੂਦਾ ਅਕਾਲੀਆਂ, ਅਕਾਲੀਆਂ ਦੇ ਵਿਰੋਧੀ, ਪੰਥਕ ਜਥੇਬੰਧੀਆਂ, ਜਥੇਦਾਰਾਂ ਵਿੱਚ ਕਬਜੇ ਬਣਾਈ ਰੱਖਣ ਜਾਂ ਕਬਜੇ ਕਰਨ ਦੀ ਚੱਲ ਰਹੀ ਕਸ਼ਮਕਸ਼ ਵਿੱਚੋਂ ਪਹਿਲਾਂ ਵਾਂਗ ਕੁਝ ਨਹੀਂ ਨਿਕਲਣਾ। ਇਹ ਮੁੱਦਾ ਉਤਨਾ ਦੇਰ ਹੀ ਹੈ, ਜਿਤਨੀ ਦੇਰ ਕੋਈ ਨਵਾਂ ਵੱਡਾ ਮੁੱਦਾ ਨਹੀਂ ਆ ਜਾਂਦਾ ਜਾਂ ਇਨ੍ਹਾਂ ਵਿੱਚੋਂ ਹੀ ਕਿਸੇ ਵਲੋਂ ਕੋਈ ਹੋਰ ਖੜਾ ਨਹੀਂ ਕਰ ਦਿੱਤਾ ਜਾਂਦਾ।



ਹਰਚਰਨ ਸਿੰਘ ਪ੍ਰਹਾਰ

ਬੁੱਧ ਚਿੰਤਨ

# ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥

ਜੋ ਮਨੁੱਖ ਲੋਕਾਂ ਦੇ ਦਰਦ ਦੀ ਗੱਲ ਕਰਦਾ ਹੈ, ਉਹ ਲੋਕਾਂ ਦੇ ਮਨਾਂ ਵਿੱਚ ਵਸਦਾ ਹੈ। ਜੋ ਲੋਕਾਂ ਦੇ ਨਾਲ ਧੋਖਾ ਕਰਦਾ ਹੈ, ਉਸਨੂੰ ਲੋਕ ਲਾਹਨਤਾਂ ਪਾਉਂਦੇ ਹਨ। ਪੰਜਾਬ ਵਿੱਚ ਅੱਜਕਲ੍ਹ ਲਾਹਨਤਾਂ ਪਾਉਣ ਤੇ ਲੈਣ ਵਾਲਿਆਂ ਦਾ ਹੜ੍ਹ ਆਇਆ ਹੋਇਆ ਹੈ। ਲੋਕ ਦਰਦੀ ਤੇ ਲੋਕਾਂ ਦਾ ਦਰਦੀ ਅਖਵਾਉਣ ਵਾਲਿਆਂ ਵਿੱਚ ਵੱਡਾ ਅੰਤਰ ਹੁੰਦਾ ਹੈ। ਪਰਾਇਆ ਦਰਦ ਕੋਈ ਕੋਈ ਮਹਿਸੂਸ ਕਰਦਾ ਹੈ। ਜੇ ਜ਼ਿੰਦਗੀ ਵਿੱਚ ਪਰਾਇਆ ਦਰਦ ਮਹਿਸੂਸ ਕਰਨ ਦਾ ਗੁਣ ਨਾ ਹੁੰਦਾ ਤਾਂ ਬੰਦਾ ਵੀ ਬੰਦਾ ਨਹੀਂ, ਸਗੋਂ ਕੁੱਝ ਹੋਰ ਹੋਣਾ ਸੀ। ਧੁੱਪ ਤੇ ਛਾਂ, ਦਿਨ ਤੇ ਰਾਤ, ਦੁੱਖ ਤੇ ਸੁੱਖ, ਚੁੱਪ ਤੇ ਸ਼ੋਰ, ਖੁਸ਼ੀ ਤੇ ਗਮੀ, ਨੇੜੇ ਤੇ ਦੂਰ, ਸਰਦੀ ਤੇ ਗਰਮੀ, ਜੀਵਨ ਤੇ ਮੌਤ, ਇਹ ਪਉੜੀ ਚੜ੍ਹਦਿਆਂ ਜ਼ਿੰਦਗੀ ਦਾ ਪ੍ਰਵਾਹ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ ? ਹੁਣ ਜਿਸ ਤਰ੍ਹਾਂ ਦਾ ਕੁਹਿਲਣਾ ਸਮਾਂ ਚੱਲ ਰਿਹਾ ਹੈ, ਉਸਨੇ ਲੋਕਾਂ ਦੇ ਮਨਾਂ ਅੰਦਰ ਪਦਾਰਥ ਇਕੱਠੇ ਕਰਨ ਦੀ ਹੋੜ ਪੈਦਾ ਕਰ ਦਿੱਤੀ ਹੈ। ਕੁਦਰਤੀ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ। ਲਾਲਚੀ ਬਿਰਤੀ ਵਾਲ਼ਿਆਂ ਵੱਲੋਂ ਆਪਣੀਆਂ ਕਈ ਕਈ ਪੁਸ਼ਤਾਂ ਦੇ ਵਿਹਲੇ ਬਹਿ ਕੇ ਖਾਣ ਦਾ ਸਾਜ਼ੋ ਸਾਮਾਨ ਇਕੱਠਾ ਕਰਨ ਲਈ ਧਰਤੀ ਦੀ ਹਿੱਕ ਪਾੜੀ ਜਾ ਰਹੀ ਹੈ। ਇਸ ਨਾਲ਼ ਵਧ੍ਹ ਰਹੀ ਗਰਮਾਇਸ਼ ਕਾਰਨ ਪਾਣੀ ਦਾ ਠੋਸ ਰੂਪ ਤੇਜ਼ੀ ਨਾਲ਼ ਤਰਲ ਰੂਪ ਵਿੱਚ ਬਦਲ ਰਿਹਾ ਹੈ ਜੋ ਮੌਸਮ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ। ਇੰਞ ਲਗਦਾ ਹੈ ਕਿ ਜਿਸ ਪਾਣੀ ਵਿੱਚੋਂ ਜੀਵਨ ਉਗਮਿਆ ਸੀ, ਉਹ ਪਾਣੀ ਹੀ ਇਸ ਜੀਵਨ ਦੇ ਖ਼ਤਮ ਹੋਣ ਦਾ ਕਾਰਨ ਬਣੇਗਾ। ਕੀ ਮਨੁੱਖ ਕੁਦਰਤ ਦੇ ਕਹਿਰ ਤੋਂ ਬੇਖ਼ਬਰ ਹੈ ? ਧਰਤੀ ਦੀ ਅੱਠ ਅਰਬ ਦੀ ਆਬਾਦੀ ਵਿੱਚੋਂ ਕੁਦਰਤੀ ਸੋਮਿਆਂ ਨੂੰ ਤਹਿਸ ਨਹਿਸ ਕਰਨ ਵਾਲ਼ੇ ਬਹੁਤੇ ਨਹੀਂ, ਬਸ ਮੁੱਠੀ ਕੁ ਭਰ ਲੋਕ ਹੀ ਹਨ। ਬਹੁਗਿਣਤੀ ਤਾਂ ਅਜੇ ਵੀ ਕੁਦਰਤ ਦੇ ਅੰਗ ਸੰਗ ਵੱਸਦੀ ਹੈ ਪਰ ਕੁੱਝ ਬਦਬਖ਼ਤਾਂ ਦੀਆਂ ਗ਼ਲਤੀਆਂ ਦਾ ਖਮਿਆਜ਼ਾ ਪੂਰੀ ਲੋਕਾਈ ਭੁਗਤ ਰਹੀ ਹੈ। ਧਰਤੀ ਦੇ ਕੁੱਝ ਘਰਾਣਿਆਂ ਨੇ ਆਮ ਲੋਕਾਂ ਨੂੰ ਰੰਡੀ ਤੇ ਮੰਡੀ ਸਮਝਿਆ ਹੋਇਆ ਹੈ। ਉਹ ਆਪਣੀ ਇਜਾਰੇਦਾਰੀ ਦੀ ਸਦਾ ਹੀ ਦੁਰਵਰਤੋਂ ਕਰਦੇ ਹਨ । ਪਹਿਲਾਂ ਜਦੋਂ ਦੁਨੀਆਂ ਵਿੱਚ ਕੋਈ ਲਾਗ ਵਾਲ਼ੀ ਮਹਾਂਮਾਰੀ ਫੈਲਦੀ ਸੀ ਤਾਂ ਉਸਦੀ ਰੋਕਥਾਮ ਲਈ ਸਾਲਾਂਬੱਧੀ ਖੋਜ ਪੜਤਾਲ ਤੋਂ ਬਾਅਦ ਨਵੀਂ ਵੈਕਸੀਨ ਬਣਾਈ ਜਾਂਦੀ ਸੀ। ਪਰ ਹੁਣ ਵੈਕਸੀਨਾਂ ਪਹਿਲਾਂ ਤਿਆਰ ਕੀਤੀ ਜਾਂਦੀ ਹੈ ਤੇ ਬਿਮਾਰੀਆਂ ਬਾਅਦ 'ਚ ਪੈਦਾ ਕੀਤੀਆਂ ਜਾਂਦੀਆਂ ਹਨ। ਹੁਣ ਇਸ ਗੱਲ ਦਾ ਕੋਈ ਅਤਾ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਕਿਸ ਮੰਡੀ ਵਿੱਚ ਕਿਹੜੀ ਚੀਜ਼ ਕਿਸ ਭਾਅ ਵਿਕਣੀ ਹੈ । ਹਰਾ ਇਨਕਲਾਬ ਆਉਣ ਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਜਿਸ ਨਾਲ਼ ਜ਼ਿਆਦਾਤਰ ਗਰੀਬ ਤੇ ਅਨਪੜ੍ਹ ਲੋਕਾਂ ਦੇ ਹੱਥਾਂ ਦੀ ਕਿਰਤ ਖੁਸ ਗਈ। ਖੇਤੀਬਾੜੀ ਦੇ ਜਿੰਨੇ ਵੀ ਆਧੁਨਿਕ ਸੰਦ ਹਨ, ਇਹ ਕਿਰਤੀਆਂ ਦੀ ਰੋਜ਼ੀ ਰੋਟੀ ਖੋਹਣ ਵਾਲ਼ੀ ਹਥਿਆਰਬੰਦ ਸੈਨਾ ਹੈ । ਟਰੈਕਟਰ ਨੂੰ ਜੇ ਮਸ਼ੀਨਗੰਨ ਮੰਨ ਲਿਆ ਜਾਵੇ ਤਾਂ ਕੰਬਾਈਨ ਤੋਪ ਦੇ ਗੋਲ਼ੇ ਜਾਂ ਮਿਜ਼ਾਇਲ ਦੇ ਬਰਾਬਰ ਦਾ ਹਥਿਆਰ ਹੈ। ਹੁਣ ਇਹ ਪੁੱਠੇ ਅਰਥਾਂ ਵਾਲ਼ੀਆਂ ਗੱਲਾਂ ਸਿੱਧ ਪੱਧਰੇ ਦਿਮਾਗ਼ ਵਾਲਿਆਂ ਦੇ ਸਮਝ ਨਹੀਂ ਪੈਣੀਆਂ। ਕਿਰਤ ਦੀ ਲੁੱਟ ਤੇ ਪੁਲਿਸ ਦੀ ਕੁੱਟ ਇਕ ਬਰਾਬਰ ਹੁੰਦੀ ਹੈ ਪਰ ਸਮਾਜ ਵਿੱਚ ਬਰਾਬਰੀ ਦਾ ਤਾਂ ਕਿੱਧਰੇ ਵੀ ਨਾਮੋ ਨਿਸ਼ਾਨ ਨਹੀਂ ਰਿਹਾ। ਪਹਿਲਾਂ ਜੱਟ ਤੇ ਸੀਰੀ ਦੋਵੇਂ ਕਿਰਤੀ ਸਨ ਪਰ ਹੁਣ ਜੱਟ ਜੱਟ ਹੈ ਤੇ ਸੀਰੀ ਤਾਂ ਖ਼ਤਮ ਹੀ ਹੈ । ਜੱਟ ਤੇ ਸੀਰੀ ਦੀ ਦਿਲੀ ਸਾਂਝ ਦੀ ਥਹੁ ਤਾਂ ਸੰਤ ਰਾਮ ਉਦਾਸੀ ਵਰਗਾ ਕੋਈ ਉਹ ਕਵੀ ਹੀ ਪਾ ਸਕਦਾ ਹੈ ਜਿਸਦੀਆਂ ਜੜ੍ਹਾਂ ਆਪਣੇ ਵਤਨ ਦੀ ਮਿੱਟੀ ਵਿੱਚ ਡੂੰਘੀਆਂ ਲੱਗੀਆਂ ਹੋਣ:

ਗਲ਼ ਲੱਗ ਕੇ ਸੀਰੀ ਦੇ
ਜੱਟ ਰੋਵੇ,
ਬੋਹਲਾਂ ਵਿਚੋਂ ਨੀਰ ਵਗਿਆ ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ' ।

ਹੁਣ ਤਾਂ ਸੀਰੀ ਦੀ ਥਾਂ ਮਸ਼ੀਨਰੀ ਆ ਗਈ ਹੈ । ਭਲਿਆਂ ਸਮਿਆਂ ਵਿਚ ਜੱਟ ਤੇ ਸੀਰੀ ਦੀ ਸਾਂਝ ਭਿਆਲ਼ੀ ਨੂੰ 'ਨਹੁੰ ਤੇ ਮਾਸ ਦਾ ਰਿਸ਼ਤਾ' ਕਹਿ ਕੇ ਵਡਿਆਇਆ ਜਾਂਦਾ ਸੀ । ਦੋਹਾਂ ਦੇ ਦੁੱਖ ਦਰਦ, ਹਾਸੇ ਮਜ਼ਾਕ, ਚੋਹਲ ਮੋਹਲ, ਨਾਜ਼ ਨਖਰੇ, ਸਭ ਸਾਂਝੇ ਸਨ । ਹੁਣ ਮਸ਼ੀਨਰੀ ਨਾਲ਼ ਤਾਂ ਦੁੱਖ ਵੰਡਾਇਆ ਨਹੀਂ ਜਾ ਸਕਦਾ ਸਗੋਂ ਇਸਨੇ ਤਾਂ ਜ਼ਿਮੀਂਦਾਰ ਦੀਆਂ ਪਰੇਸ਼ਾਨੀਆਂ ਨੂੰ ਵਧਾਇਆ ਹੀ ਹੈ । ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਕਿਸਾਨ ਕਿਸਾਨ ਤੇ ਸੀਰੀ ਸੀਰੀ ਸੀ ਪਰ ਜਦ ਖੇਤੀਬਾੜੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ ਤਾਂ ਹਰ ਕਿਸਾਨ ਜੱਟ ਹੋ ਗਿਆ । ਫਿਰ ਜੱਟ ਤੋਂ ਜਾਗੀਰਦਾਰ ਹੋ ਗਿਆ। ਜਾਗੀਰਦਾਰੀ ਤੇ ਸਰਮਾਏਦਾਰੀ ਦਾ ਆਪਸੀ ਰਿਸ਼ਤਾ ਵੀ ਨਹੁੰ ਮਾਸ ਵਾਲ਼ਾ ਹੀ ਹੈ । ਇਨ੍ਹਾਂ ਦੋਹਾਂ ਨੇ ਰਲ਼ ਕੇ ਕਿਰਤੀ ਵਰਗ ਨੂੰ ਲੁੱਟਿਆ ਤੇ ਕੁੱਟਿਆ ਹੈ। ਗੀਤਾਂ ਤੇ ਫਿਲਮਾਂ ਰਾਹੀ ਚਾਰੇ ਪਾਸੇ ਜੱਟਵਾਦ ਦਾ ਬੋਲਬਾਲਾ ਏਨਾ ਵਧਿਆ ਕਿ ਪੰਜਾਬ ਦੀ ਧਰਤੀ ਤੇ ਰਚੇ ਜਾਂਦੇ ਸਾਹਿਤ ਵਿੱਚੋਂ ਬਾਕੀ ਬਰਾਦਰੀਆਂ ਦੀ ਫੱਟੀ ਪੋਚ ਦਿੱਤੀ ਗਈ। ਨਾ ਕੋਈ ਜੀਵ, ਨਾ ਜੰਤੂ ਤੇ ਨਾ ਕੋਈ ਚਿੜੀ ਜਨੌਰ, ਸਭ ਨਿਗੂਣੇ ਹੋ ਗਏ। ਹੁਣ ਤਾਂ ਚਾਰੇ ਪਾਸੇ ਮਸ਼ੀਨਰੀ ਦਾ ਬੋਲਬਾਲਾ ਹੈ । ਹੁਣ ਇਨ੍ਹਾਂ 15-20 ਕੁ ਸਾਲਾਂ ਦੀ ਉਮਰ ਹੰਢਾਉਣ ਵਾਲ਼ੀਆਂ ਮਸ਼ੀਨਾਂ ਨਾਲ਼ ਰਿਸ਼ਤਿਆਂ ਦੀ ਪੱਕੀ ਪੀਡੀ ਸਾਂਝ ਭਲਾ ਕੌਣ ਪਾਉਣੀ ਚਾਹੇਗਾ ? ਹੁਣ ਧਰਤੀ ਤੇ ਕਿਰਤੀਆਂ ਦੇ ਦਰਦ ਕੌਣ ਸੁਣੇਗਾ ? ਕੌਣ ਸੱਥ ਵਿੱਚ ਬੈਠ ਕੇ ਵਾਰਿਸ ਸ਼ਾਹ ਦੀ ਹੀਰ ਸੁਣੇਗਾ ? ਬਾਬਾ ਨਾਨਕ ਜੀ ਦੀ ਬਾਣੀ ਸੁਣ ਕੌਣ ਸੁਣੇਗਾ ਤੇ ਉਸ ਤੇ ਅਮਲ ਕਰੇਗਾ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥1॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ (ਪੰਨਾ 595)

ਜਗਤ ਗੁਰ ਬਾਬੇ ਨੇ ਸਿੱਧਾਂ ਦੇ ਵਲ ਵਿੰਙ ਕੱਢਦਿਆਂ ਕਿਹਾ ਸੀ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਪੰਨਾ 943)

ਪਰ ਨਾ ਹੁਣ ਕਿਸੇ ਨੂੰ ਸ਼ਬਦ ਗੁਰੂ ਦੇ ਸਿਧਾਂਤ ਤੇ ਨਾ ਧੁਨੀ ਦਾ ਗਿਆਨ ਹੈ। ਉਂਞ ਗੁਰੂ ਸਾਡਾ ਅੱਜ ਵੀ ਸ਼ਬਦ ਹੀ ਹੈ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਸਾਡੇ ਕੋਲ਼ ਸਿੱਖੀ ਵਾਲ਼ਾ ਬਾਣਾ ਤਾਂ ਹੈ, ਪਰ ਗੁਰਮਤਿ ਆਸ਼ੇ ਤੇ ਪੂਰੀ ਤਰ੍ਹਾਂ ਢੁੱਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੈ। ਭੇਖਧਾਰੀ ਤਾਂ ਬਥੇਰੇ ਹਨ ਪਰ ਗਿਆਨਵਾਨ ਕੋਈ ਵਿਰਲਾ ਟਾਵਾਂ ਵੀ ਨਹੀਂ ਲੱਭਦਾ । ਗਿਆਨ ਹਾਸਲ ਕਰਨ ਲਈ 'ਸ਼ਬਦ ਤੇ ਧੁਨਿ' ਸੰਗ ਜੁੜਨਾ ਪਵੇਗਾ । ਪਰ ਇਹ ਤਰੱਦਦ ਕੌਣ ਕਰੇਗਾ ? ਕੌਣ ਇਹ ਹਾਅ ਦਾ ਨਾਹਰਾ ਮਾਰੇਗਾ:

ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦ ਨਾ ਆਇਆ ॥ (ਪੰਨਾ 360)

ਬਾਬਰ ਬਾਣੀ ਕੌਣ ਪੜ੍ਹੇਗਾ ਤੇ ਪੜ੍ਹ ਕੇ ਅਮਲ ਕੌਣ ਕਰੇਗਾ। ਅਮਲਾਂ ਬਾਝੋਂ ਰਵਾਇਤੀ ਬਾਣਾ ਤੇ ਗਿਆਨ ਦੀ ਬੱਧੀ ਪੰਡ, ਦੋਵੇਂ ਬੇਕਾਰ ਹਨ । ਇਹ ਕੇਹੀ ਰੁੱਤ ਆ ਗਈ ਹੈ? ਅੰਦਰ ਤੇ ਬਾਹਰ ਦੋਵੇਂ ਪਾਸੇ ਸਾੜਾ ਹੈ । ਬਸ ਮੈਂ ਇੱਕਲਾ ਹੀ ਚੰਗਾ ਤੇ ਬਾਕੀ ਸਭ ਜਗ ਮੰਦਾ। ਜਦ ਕਿ ਮਾੜਾ ਬੰਦਾ ਨਹੀਂ, ਉਸਦੇ ਕੰਮ ਮਾੜੇ ਹੁੰਦੇ ਹਨ ਪਰ ਚੰਗੇ ਕੰਮ ਕੌਣ ਕਰੇਗਾ ? ਮਨੁੱਖ ਨੂੰ ਮਨੁੱਖ ਕੌਣ ਸਮਝੇਗਾ ? ਕੌਣ ਬਰਾਬਰੀ ਦੀ ਬਾਤ ਪਾਵੇਗਾ ? ਕੌਣ ਕਿਰਤੀਆਂ ਦੇ ਦਰਦ ਸੁਣੇਗਾ?



ਬੁੱਧ ਸਿੰਘ ਨੀਲੋਂ
94643 70823



CANADIAN TRUCK TRAINING CENTRE





ਤਸੱਲੀਬਕਸ਼
ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL
MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL
YOUR MORTGAGE NEEDS

# ਦਿਲ ਦਾ ਦੌਰੇ ਦੇ ਖ਼ਤਰੇ ਨੂੰ ਘੱਟ ਕਰਨ 'ਚ ਮਦਦਗਾਰ ਹਨ 5 ਯੋਗ ਆਸਣ



ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਦਿਲ ਨਾਲ ਸਬੰਧਤ ਬਿਮਾਰੀਆਂ ਆਮ ਹੋ ਗਈਆਂ ਹਨ। ਗਲਤ ਖਾਣ-ਪੀਣ ਦੀਆਂ ਆਦਤਾਂ, ਤਣਾਅ ਅਤੇ ਘੱਟ ਕਸਰਤ ਵਰਗੇ ਕਾਰਨ ਦਿਲ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾਉਂਦੇ ਹਨ, ਪਰ ਯੋਗਾ (Yoga Poses to Reduce Heart Attack) ਦੀ ਮਦਦ ਨਾਲ ਦਿਲ ਨੂੰ ਸਿਹਤਮੰਦ ਰੱਖਿਆ ਜਾ ਸਕਦਾ ਹੈ ਤੇ ਦਿਲ ਦੇ ਦੌਰੇ ਦੇ ਖ਼ਤਰੇ ਨੂੰ ਵੀ ਘੱਟ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਦਿਲ ਨੂੰ ਸਿਹਤਮੰਦ ਰੱਖਣ ਅਤੇ ਹਾਰਟ ਅਟੈਕ ਦੇ ਖਤਰੇ ਨੂੰ ਘੱਟ ਕਰਨ ਲਈ ਕੁਝ ਖਾਸ ਯੋਗ ਆਸਣ।

### ਤਾੜਾ ਆਸਣ

ਇਹ ਆਸਣ ਸਰੀਰ ਨੂੰ ਸਿੱਧਾ ਰੱਖਣ ਤੇ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਸੁਧਾਰਦਾ ਹੈ ਅਤੇ ਦਿਲ ਨੂੰ ਸਿਹਤਮੰਦ ਰੱਖਦਾ ਹੈ।

**ਕਿਵੇਂ ਕਰੀਏ-** ਸਿੱਧੇ ਖੜ੍ਹੇ ਹੋਵੋ, ਪੈਰਾਂ ਨੂੰ ਕੁੱਲ੍ਹੇ ਦੀ ਚੌੜਾਈ 'ਤੇ ਰੱਖੋ। ਹੱਥਾਂ ਨੂੰ ਉੱਪਰ ਵੱਲ ਚੁੱਕੋ ਤੇ ਹਥੇਲੀਆਂ ਨੂੰ ਆਪਸ ਵਿੱਚ ਜੋੜੋ। ਆਪਣੀ ਗਰਦਨ ਸਿੱਧੀ ਰੱਖੋ ਤੇ ਆਪਣੀਆਂ ਅੱਖਾਂ ਬੰਦ ਕਰੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।

### ਤ੍ਰਿਕੋਣਾਸਨ

ਇਹ ਆਸਣ ਸਰੀਰ ਨੂੰ ਲਚਕੀਲਾ ਬਣਾਉਂਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ। ਇਹ ਦਿਲ ਨੂੰ ਸਿਹਤਮੰਦ ਰੱਖਣ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

**ਕਿਵੇਂ ਕਰੀਏ-** ਲੱਤਾਂ ਨੂੰ ਕੁੱਲ੍ਹੇ ਦੀ ਚੌੜਾਈ ਤੋਂ ਥੋੜ੍ਹਾ ਜ਼ਿਆਦਾ ਫੈਲਾਓ। ਸੱਜੀ ਲੱਤ ਨੂੰ 90 ਡਿਗਰੀ ਦੇ ਕੋਣ 'ਤੇ ਮੋੜੋ ਅਤੇ ਖੱਬੀ ਲੱਤ ਨੂੰ ਸਿੱਧਾ ਰੱਖੋ। ਸੱਜਾ ਹੱਥ ਜ਼ਮੀਨ 'ਤੇ ਰੱਖੋ ਅਤੇ ਖੱਬੇ ਹੱਥ ਨੂੰ ਉੱਪਰ ਵੱਲ ਚੁੱਕੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਦੂਜੇ ਪਾਸੇ ਦੁਹਰਾਓ।

### ਭੁਜੰਗਾਸਨ

ਇਹ ਆਸਣ ਰੀੜ੍ਹ ਦੀ ਹੱਡੀ ਨੂੰ ਲਚਕੀਲਾ ਬਣਾਉਂਦਾ ਹੈ ਤੇ ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ। ਇਹ ਦਿਲ ਨੂੰ ਸਿਹਤਮੰਦ ਰੱਖਣ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

**ਕਿਵੇਂ ਕਰਨਾ ਹੈ:** ਆਪਣੇ ਪੇਟ ਦੇ ਭਾਰ ਲੇਟ ਜਾਓ। ਠੋਡੀ ਨੂੰ ਜ਼ਮੀਨ 'ਤੇ ਰੱਖੋ ਅਤੇ ਹੱਥਾਂ ਨੂੰ ਮੋਢਿਆਂ ਦੇ ਹੇਠਾਂ ਰੱਖੋ। ਹੁਣ ਹੌਲੀ-ਹੌਲੀ ਆਪਣੀ ਛਾਤੀ ਨੂੰ ਚੁੱਕੋ ਅਤੇ ਪਿੱਛੇ ਵੱਲ ਦੇਖੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।

### ਸ਼ਸ਼ਾਂਕ ਆਸਣ

ਇਹ ਆਸਣ ਤਣਾਅ ਨੂੰ ਘੱਟ ਕਰਨ ਅਤੇ ਮਨ ਨੂੰ ਸ਼ਾਂਤ ਕਰਨ ਵਿੱਚ ਮਦਦ ਕਰਦਾ ਹੈ। ਇਹ ਦਿਲ ਦੀ ਧੜਕਣ ਨੂੰ ਕੰਟਰੋਲ ਕਰਨ 'ਚ ਵੀ ਮਦਦ ਕਰਦਾ ਹੈ।

**ਕਿਵੇਂ ਕਰੀਏ-** ਗੋਡਿਆਂ ਦੇ ਭਾਰ ਬੈਠੋ ਅਤੇ ਆਪਣੇ ਮੱਥੇ ਨੂੰ ਜ਼ਮੀਨ 'ਤੇ ਰੱਖੋ। ਆਪਣੇ ਹੱਥਾਂ ਨੂੰ ਪਿੱਛੇ ਵੱਲ ਰੱਖੋ। ਕੁਝ ਸਕਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਆਮ ਸਥਿਤੀ ਵਿੱਚ ਵਾਪਸ ਆ ਜਾਓ।

### ਸ਼ਵਾਸਨਾ

ਇਹ ਆਸਣ ਸਰੀਰ ਅਤੇ ਦਿਮਾਗ ਨੂੰ ਆਰਾਮ ਦੇਣ ਵਿੱਚ ਮਦਦ ਕਰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਅਤੇ ਦਿਲ ਦੀ ਧੜਕਣ ਨੂੰ ਆਮ ਬਣਾਉਣ ਵਿੱਚ ਵੀ ਮਦਦ ਕਰਦਾ ਹੈ।

**ਕਿਵੇਂ ਕਰੀਏ:** ਆਪਣੀ ਪਿੱਠ 'ਤੇ ਲੇਟ ਜਾਓ। ਲੱਤਾਂ ਨੂੰ ਥੋੜ੍ਹਾ ਜਿਹਾ ਫੈਲਾਓ ਅਤੇ ਹੱਥਾਂ ਨੂੰ ਸਰੀਰ ਦੇ ਕੋਲ ਰੱਖੋ। ਆਪਣੀਆਂ ਅੱਖਾਂ ਬੰਦ ਕਰੋ ਅਤੇ ਡੂੰਘਾ ਸਾਹ ਲਓ। ਕੁਝ ਮਿੰਟਾਂ ਲਈ ਇਸ ਸਥਿਤੀ ਵਿੱਚ ਰਹੋ ਅਤੇ ਫਿਰ ਹੌਲੀ-ਹੌਲੀ ਉੱਠੋ।

### ਇਹ ਯੋਗ ਆਸਣ ਕਿਵੇਂ ਲਾਭਦਾਇਕ ਹਨ?

* ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦਾ ਹੈ
* ਦਿਲ ਦੀ ਧੜਕਣ ਨੂੰ ਆਮ ਬਣਾਉਂਦਾ ਹੈ
* ਤਣਾਅ ਘਟਾਉਂਦਾ ਹੈ
* ਬਲੱਡ ਪ੍ਰੈਸ਼ਰ ਨੂੰ ਸੁਧਾਰਦਾ ਹੈ
* ਸਰੀਰ ਨੂੰ ਲਚਕਦਾਰ ਬਣਾਉਂਦਾ ਹੈ
* ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ
* ਮਨ ਨੂੰ ਸ਼ਾਂਤ ਕਰਦਾ ਹੈ

ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ

ਜੇਕਰ ਤੁਹਾਨੂੰ ਦਿਲ ਜਾਂ ਕੋਈ ਹੋਰ ਰੋਗ ਹੈ ਤਾਂ ਪਹਿਲਾਂ ਡਾਕਟਰ ਦੀ ਸਲਾਹ ਲਓ।

* ਯੋਗਾ ਟ੍ਰੇਨਰ ਦੀ ਮਦਦ ਨਾਲ ਹੀ ਯੋਗਾ ਕਰੋ।
* ਖਾਣਾ ਖਾਣ ਤੋਂ ਤੁਰੰਤ ਬਾਅਦ ਯੋਗਾ ਨਾ ਕਰੋ।
* ਯੋਗਾ ਕਰਦੇ ਸਮੇਂ ਆਰਾਮਦਾਇਕ ਕੱਪੜੇ ਪਾਓ।
* ਆਪਣੇ ਸਾਹ 'ਤੇ ਧਿਆਨ ਦਿਓ।

# ਠੰਢ ਦੌਰਾਨ ਵੱਧਿਆ- ਜ਼ੁਕਾਮ-ਫਲੂ

"ਅਗਰ ਤੁਸੀਂ ਬੁਖਾਰ ਜਾਂ ਠੰਢ ਮਹਿਸੂਸ ਕਰ ਰਹੇ ਹੋ, ਗਲੇ 'ਚ ਖਰਾਸ਼, ਛਿੱਕਾਂ, ਖੰਘ, ਨੱਕ ਵਗਣਾ ਜਾਂ ਅੰਦਰ ਬਲਗਮ ਰਹਿਣਾ, ਸਰੀ 'ਚ ਤੇਜ਼ ਦਰਦ, ਕਮਜੋਰੀ, ਸਿਰ ਦਰਦ, ਕਈ ਬਾਰ ਚੱਕਰ ਵੀ ਆਉਣੇ ਸ਼ੁਰੂ ਹੋ ਜਾਂਦੇ ਹਨ। ਇਹ ਲੱਛਣ ਪਾਲਤੂ ਪੈਟ-ਕੁੱਤੇ, ਬਿੱਲੀਆਂ, ਹੋਰ ਜਾਨਵਰਾਂ 'ਚ ਵੀ ਦੇਖੇ ਜਾਂਦੇ ਹਨ, ਉਹ ਬੋਲ ਨਹੀਂ ਸਕਦੇ ਬੱਚਿਆਂ ਵਾਂਗ ਉਹਨਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੁੰਦੀ ਹੈ"-ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** ਠੰਢੀਆਂ ਤੇਜ਼ ਹਵਾਵਾਂ, ਫਰੀਜ਼ਿੰਗ ਰੇਨ ਅਤੇ ਮਾਈਨਸ ਤਪਮਾਨ, ਕਾਰਨ ਕੋਲਡ-ਫਲੂ ਦਾ ਅਸਰ ਬੱਚੇ, ਨੌਜਵਾਨ, ਗਰਭਵਤੀ ਔਰਤਾਂ ਅਤੇ ਸੀਨੀਅਰਜ਼ 'ਤੇ ਪਸ਼ੂ-ਪਕਸ਼ੀ, ਜਾਨਵਰਾਂ ਤੇ ਵੀ ਜਿਆਦਾ ਅਸਰ ਦੇਖਿਆ ਜਾ ਰਿਹਾ ਹੈ। ਹਰ ਸਾਲ ਪੀਕ ਸਮਾਂ ਨਵੰਬਰ-ਦਸੰਬਰ ਤੋਂ ਫਰਵਰੀ ਦਾ ਹੁੰਦਾ ਹੈ। ਸਿਰਫ਼ ਅਮਰੀਕਾ ਵਿਚ 1 ਬਿਲੀਅਨ ਤੋਂ ਵੱਧ ਲੋਕ ਜ਼ੁਕਾਮ ਦੇ ਸ਼ਿਕਾਰ ਹੁੰਦੇ ਹਨ। ਦੱਸ ਤੋਂ 35% ਫਲੂ ਦੇ ਘੇਰੇ ਵਿਚ ਆ ਜਾਂਦੇ ਹਨ। ਕਰੀਬਨ 2 ਮਿਲੀਅਨ ਤੋਂ ਵੱਧ ਕੇਵਲ ਅਮਰੀਕਾ ਵਿਚ ਸ਼ਿਕਾਰ ਲੋਕ ਹਸਪਤਾਲ ਵਿਚ ਐਡਮਿਟ ਹੁੰਦੇ ਹਨ। ਛੋਟੇ ਬੱਚੇ ਅਤੇ ਕਮਜ਼ੋਰ ਇਮੀਊਨਿਟੀ ਵਾਲੇ ਜ਼ੁਕਾਮ ਫਲੂ ਦੇ ਛੇਤੀ ਸ਼ਿਕਾਰ ਹੋ ਜਾਣ ਤੋਂ ਬਾਅਦ ਲੱਖਾਂ ਹੀ ਮੌਤ ਦੇ ਘੇਰੇ ਵਿਚ ਵੀ ਆ ਜਾਂਦੇ ਹਨ।

ਹਰ ਸਾਲ ਲੱਖਾਂ ਕੈਨੇਡੀਅਨ ਫਲੂ ਦੇ ਘੇਰੇ ਵਿਚ ਆਉਂਦੇ ਹਨ, ਮੌਤਾਂ ਦੇ ਬਾਵਜੂਦ ਹਜ਼ਾਰਾਂ ਹੀ ਹਸਪਤਾਲ ਭਰਤੀ ਹੋਣ ਤੋਂ ਬਾਅਦ ਠੀਕ ਵੀ ਹੋ ਜਾਂਦੇ ਹਨ। ਦੋਵੇਂ ਹੀ ਵਾਇਰਸ ਕਾਰਨ ਹੁੰਦੇ ਹਨ। ਫਲੂ ਜ਼ਿਆਦਾ ਗੰਭੀਰ ਮੰਨਿਆ ਜਾਂਦਾ ਹੈ। ਵਾਇਰਸ ਦੀ ਪਕੜ 'ਚ ਆਉਣ ਤੋਂ ਬਾਅਦ ਆਮ ਲੱਛਣ 1-4 ਦਿਨ ਵਿਚ ਅਤੇ ਬਿਮਾਰੀ ਸ਼ੁਰੂ ਹੋਣ ਤੋਂ ਬਾਅਦ 5-10 ਦਿਨ ਵਿਚ ਇਨਫੈਕਸ਼ਨ ਵਾਲੇ ਲੱਛਣ ਪੈਦਾ ਹੋ ਜਾਂਦੇ ਹਨ। ਦੇਖਿਆ ਜਾ ਰਿਹਾ ਹੈ ਕਿ ਵੈਕਸੀਨ ਕੋਲਡ ਯਾਨਿ ਸਰਦੀ ਤੋਂ ਨਹੀਂ ਬਚਾਉਂਦਾ ਬਲਕਿ ਫਲੂ ਤੋਂ ਬਚਾਉਂਦਾ ਹੈ। ਛੇ ਮਹੀਨੇ ਤੋਂ ਵੱਧ ਉਮਰ ਦੇ ਹਰ ਆਦਮੀ ਨੂੰ ਹਰ ਸਾਲ ਫਲੂ ਦਾ ਟੀਕਾ ਲਗਵਾਉਣਾ ਚਾਹੀਦਾ ਹੈ। ਟੀਕਾਕਰਣ ਨੂੰ ਫਲੂ ਤੋਂ ਬਚਾਅ ਲਈ ਸਰਬੋਤਮ ਸੇਫਟੀ ਮੰਨੀ ਗਈ ਹੈ। ਪਿਛਲੇ 2 ਸਾਲਾਂ ਤੋਂ 163 ਮਿਲੀਅਨ ਤੋਂ 170 ਮਿਲੀਅਨ ਫਲੂ ਟੀਕੇ ਦੀਆਂ ਖੁਰਾਕਾਂ ਸੰਯੁਕਤ ਰਾਜ ਵਿਚ ਉਪਲਬਧ ਹੋਣ ਦੀ ਸੰਭਾਵਨਾ ਹੈ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਜ਼ੁਕਾਮ ਦੀ ਆਮ ਹਾਲਤ ਵਿਚ ਵਿਅਕਤੀ ਨੱਕ ਬੰਦ, ਸਾਹ ਲੈਣ ਵਿਚ ਮੁਸ਼ਕਲ, ਸੁਆਦ 'ਤੇ ਗੰਧ ਮਹਿਸੂਸ ਨਾ ਹੋਣਾ, ਅੱਖਾਂ ਵਿਚ ਜਲਨ, ਸਾਈਨਸ ਦੀ ਸ਼ਿਕਾਇਤ, ਅਤੇ ਖੰਘ, ਸਿਰ ਦਰਦ, ਦੇ ਨਾਲ ਬੁਖਾਰ ਵੀ ਹੋ ਸਕਦਾ ਹੈ। ਫਲੂ ਜ਼ੁਕਾਮ ਤੋਂ ਅਲੱਗ ਕਿਸਮ ਦਾ 'ਤੇ ਅਚਾਨਕ ਹੋ ਜਾਂਦਾ ਹੈ। ਫਲੂ ਦੀ ਹਾਲਤ ਵਿਚ ਠੰਡ ਮਹਿਸੂਸ ਹੋਣਾ, ਬੁਖਾਰ, ਗਲੇ ਵਿਚ ਖਰਾਸ਼, ਨੱਕ ਵਿੱਚੋਂ ਲਗਾਤਾਰ ਪਾਣੀ ਵਗਣਾ, ਮਾਸਪੇਸ਼ੀ-ਜੋੜਾਂ ਅੰਦਰ ਦਰਦ ਰਹਿਣਾ, ਥਕਾਵਟ ਅਤੇ ਸਿਰ-ਦਰਦ ਸ਼ੁਰੂ ਹੋ ਜਾਂਦਾ ਹੈ। ਬੱਚਿਆਂ ਅਤੇ ਸੀਨੀਅਰਜ਼ ਨੂੰ ਉਲਟੀਆਂ, ਦਸਤ ਵੀ ਲੱਗ ਸਕਦੇ ਹਨ।

ਫਲੂ ਠੀਕ ਹੋਣ ਨੂੰ 2 ਹਫਤੇ ਵੀ ਲੱਗ ਸਕਦੇ ਹਨ। ਕੰਪਲੀਕੇਸ਼ਨਜ਼ ਵਿਚ ਸਾਈਨਸ ਅਤੇ ਕੰਨ ਦੀ ਇਨਫੈਕਸ਼ਨ, ਫਲੂ ਵਾਇਰਸ-ਬੈਕਟਰੀਆ ਅਟੈਕ ਨਾਲ ਦਿਲ ਦੀ ਸੋਜ਼ਸ਼, ਦਿਮਾਗ ਦੀ ਕਮਜ਼ੋਰੀ ਦੇ ਨਾਲ ਫਲੂ ਬਿਗੜ ਕੇ ਜਾਨਲੇਵਾ ਰੋਗ ਨਮੂਨੀਆ ਦੀ ਸ਼ਕਲ ਵੀ ਲੈ ਸਕਦਾ ਹੈ। ਫਲੂ ਦੇ ਵਾਇਰਸ ਗਲਾ ਅਤੇ ਫੇਫੜਿਆਂ 'ਤੇ ਅਟੈਕ ਕਰਦੇ ਹਨ। ਜ਼ੁਕਾਮ 50-80% ਰਾਈਨੋਵਾਇਰਸ ਦੀ ਇਨਫੈਕਸ਼ਨ ਅਤੇ ਇਨਫਲੂਐਨਜ਼ਾ ਅਤੇ ਪੈਰਾਇਨਫਲੂਐਨਜ਼ਾ ਵਾਇਰਸ, ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ, ਐਂਟਰੋਵਾਇਰਸ 'ਤੇ ਐਡਨੋਵਾਇਰਸ ਦੁਆਰਾ ਇਨਫੈਕਸ਼ਨ ਕਾਰਨ ਵੀ ਹੋ ਸਕਦਾ ਹੈ। ਇਹ ਵਾਇਰਸ ਉਦੋਂ ਫੈਲਦੇ ਹਨ ਜਦੋਂ ਲੋਕ ਫਲੂ, ਖਾਂਸੀ, ਛਿੱਕਾਂ ਮਾਰਨ ਦੇ ਨਾਲ ਗੱਲਾਂ ਕਰਦੇ ਹੋਏ, ਵਾਇਰਸ ਨਾਲ ਬੂੰਦਾਂ ਨੂੰ ਹਵਾ ਵਿਚ ਭੇਜਦੇ ਹਨ। ਫਲੂ ਵਾਇਰਸ ਇਨਫੈਕਟਿਡ ਵਸਤਾਂ ਨੂੰ ਛੂਹਣ ਨਾਲ ਅਤੇ ਆਪਣੇ ਮੂੰਹ, ਨੱਕ 'ਤੇ ਅੱਖਾਂ ਨੂੰ ਟੱਚ ਕਰਨ ਨਾਲ ਹੋ ਜਾਂਦਾ ਹੈ। ਘੱਟ ਨਮੀ ਵਾਇਰਲ ਟ੍ਰਾਂਸਮਿਸ਼ਨ ਵਧਾ ਦਿੰਦੀ ਹੈ। ਖੁਸ਼ਕ ਹਵਾ ਛੋਟੀ ਵਾਇਰਲ ਬੂੰਦਾਂ ਨੂੰ ਦੂਰ ਤੱਕ ਫੈਲਾਉਂਦੀ ਹੈ। ਗੰਭੀਰ ਐਕਸਪੋਜਰ ਨਾਲ ਸਰੀਰ ਦਾ ਤਾਪਮਾਨ ਬਿਗੜ ਜਾਂਦਾ ਹੈ।




### ਕੋਲਡ-ਫਲੂ ਦੀ ਆਮ ਹਾਲਤ ਵਿਚ ਆਰਾਮ ਲਈ ਰੇਮੇਡੀਜ਼ ਲੈ ਸਕਦੇ ਹੋ:

* ਅਨਰਜ਼ੀ ਲਈ ਗਰਮਾ-ਗਰਮ ਚਿਕਨ ਤੇ ਤਾਜ਼ੀ ਸਬਜ਼ੀਆਂ ਦਾ ਸੂਪ ਸਰੀਰ ਅੰਦਰ ਚਿੱਟੇ ਲਹੂ ਦੀ ਇੱਕ ਕਿਸਮ ਨਿਉਟ੍ਰੋਫਿਲਸ ਦੀ ਗਤੀ ਨੂੰ ਘਟਾ ਕੇ ਇਨਫੈਕਸ਼ਨ ਤੋਂ ਬਚਾ ਦਿੰਦਾ ਹੈ। ਘੱਟ ਸੋਡੀਅਮ ਵਾਲਾ ਸੂਪ ਸਰੀਰ ਨੂੰ ਹਾਈਡਰੇਟ ਕਰਨ ਵਿਚ ਮਦਦ ਕਰਦਾ ਹੈ।
* ਜ਼ੁਕਾਮ-ਫਲੂ ਅਤੇ ਗਲੇ ਦੀ ਸੋਜ਼ ਦੀ ਹਾਲਤ ਵਿਚ ਆਰਾਮ ਲਈ ਤਾਜ਼ਾ ਜਿੰਜਰ, ਚੁਟਕੀ ਕਾਲੀ ਮਿਰਚ, 1 ਚਮਚ ਸ਼ਹਿਦ ਮਿਕਸ ਕਰਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਲੈ ਕੇ ਗਰਮ ਪਾਣੀ ਪੀਓ।
* ਕੋਲਡ-ਫਲੂ ਲਈ ਵਿਟਾਮਿਨ ਸੀ ਸਰੀਰ ਸਟਰਾਬਰੀ, ਰਸਬੇਰੀ, ਪੱਤੇਦਾਰ ਸਾਗ, ਬਰੁਕੋਲੀ, ਪਾਲਕ, ਟਮਾਟਰ, ਹਰੀ ਮਿਰਚ, ਅੰਦਰ ਹਰ ਬਿਮਾਰੀ ਨਾਲ ਲੜਨ ਦੀ ਤਾਕਤ ਦਿੰਦਾ ਹੈ। ਸਰਦੀ ਦੇ ਮੌਸਮ ਵਿਚ ਵਿਟਾਮਿਨ ਸੀ ਦੇ ਇਸਤੇਮਾਲ ਨਾਲ ਸਾਹ-ਨਲੀ ਦੀ ਇਨਫੈਕਸ਼ਨ ਤੋਂ ਬਚਾਅ ਕੀਤਾ ਜਾ ਸਕਦਾ ਹੈ।
* ਗਲੇ ਦੇ ਦਰਦ ਵਿਚ ਦਿਨ ਵਿਚ 3-4 ਬਾਰ ਨਮਕ-ਪਾਣੀ ਦੇ ਗਾਰਗਲਸ ਕਰੋ ਅਤੇ ਬੰਦ ਨੱਕ ਖੋਲਣ ਲਈ ਭਾਪ ਯਾਨਿ ਸਟੀਮ ਜਰੂਰ ਲਵੋ। ਕਾਟਨ ਬਾਲ (ਰੂਈ) 'ਤੇ ਯੁਕਲਿਪਸ ਈਸੈਂਸ਼ੀਅਲ ਤੇਲ ਦੀ 2-3 ਬੂੰਦਾਂ ਪਾ ਕੇ ਇਨਹੇਲ ਕਰਨ ਨਾਲ ਆਰਾਮ ਮਹਿਸੂਸ ਕਰੋ।
* ਕਮਰੇ ਦੇ ਅੰਦਰ ਦੀ ਨਮੀ ਨੂੰ ਦੂਰ ਕਰਨ ਲਈ ਹੁਮਿਡਫਾਇਰ ਦਾ ਇਸਤੇਮਾਲ ਕਰਨਾ ਚਾਹੀਦਾ ਹੈ।
* ਕੋਲਡ-ਫਲੂ ਦੌਰਾਣ ਸਵੇਰੇ-ਸ਼ਾਮ ਗਰਮ ਸ਼ਾਵਰ ਲੈਣ ਨਾਲ ਆਰਾਮ ਮਿਲਦਾ ਹੈ।
* ਸਵੇਰੇ ਸ਼ਾਮ ਆਯੁਰਵੈਦਿਕ ਦੇਸੀ ਚਾਹ ਪੀਓ। ਲੌਂਗ, ਚੋਟੀ ਇਲਾਚੀ 'ਤੇ ਮਿਸਰੀ ਚੂਸਦੇ ਰਹੋ।
* ਹੱਥਾਂ ਦੀ ਸਫਾਈ ਦਾ ਪੂਰਾ ਖਿਆਲ ਰੱਖੋ ਅਤੇ ਗਰਮ ਪਾਣੀ 'ਤੇ ਸਾਬੁਨ ਨਾਲ ਧੋ ਕੇ ਆਪਣੇ ਹੱਥਾਂ ਨੂੰ ਸੇਨੀਟਾਈਜ਼ ਕਰਦੇ ਰਹੋ ਨੱਕ ਦੀ ਸਫਾਈ ਸਾਫਟ ਟਿਸ਼ੂ-ਪੇਪਰ ਨਾਲ ਕਰਨੀ ਚਾਹੀਦੀ ਹੈ।




**ਨੋਟ :** ਫਲੂ-ਕੋਲਡ ਦੇ ਲੱਛਣ ਸ਼ੁਰੂ ਹੁੰਦੇ ਹੀ ਜਾਂ ਜ਼ਿਅਦਾ ਸਮਾਂ ਰਹਿਣ ਦੀ ਹਾਲਤ 'ਚ ਬਿਨਾਂ ਦੇਰੀ ਆਪਣੇ ਫੈਮਿਲੀ ਡਾਕਟਰ ਜਾਂ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕੋਈ ਵੀ ਇਨਫੈਕਸ਼ਨ ਹੋ ਸਕਦੀ ਹੋ ਸਕਦੀ ਹੈ।














# ਰਾਸ਼ੀਫਲ

**ਮੇਖ** : ਘਰੇਲੂ ਪਰੇਸ਼ਾਨੀਆਂ ਤੁਹਾਨੂੰ ਤਣਾਅ ਦੇ ਸਕਦੀ ਹੈ। ਤੁਸੀ ਦੂਜਿਆਂ ਤੇ ਕੁਝ ਜ਼ਿਆਦਾ ਖਰਚ ਕਰ ਸਕਦੇ ਹੋ। ਕੋਈ ਅਜਿਹਾ ਜਿਸਦੇ ਨਾਲ ਤੁਸੀ ਰਹਿੰਦੇ ਹੋ ਤੁਸੀ ਲਾਪਰਵਾਹ ਅਤੇ ਅਨਿਸ਼ਚਿਤ ਵਿਵਹਾਰ ਦੀ ਵਜਾਹ ਤੋਂ ਚਿੜ ਸਕਦੇ ਹੋ। ਤੁਹਾਡੀ ਪਿਆਰ ਵਚਨਬੱਧਤਾ ਦੀ ਗੱਲ ਕਰੇਗਾ। ਆਪਣੇ ਆਪ ਨੂੰ ਕਿਸੇ ਛੋਟੇ ਪ੍ਰੋਗਰਾਮ ਵਿਚ ਦਾਖਿਲ ਕਰੋ ਜੋ ਤੁਹਾਨੂੰ ਨਵੀਂ ਤਕਨਾਲੋਜੀ ਅਤੇ ਹੁਨਰ ਸਿੱਖਣ ਵਿਚ ਸਹਾਇਤਾ ਕਰੇਗਾ। ਅੱਜ ਤੁਸੀ ਉਹ ਸਭ ਕੁਝ ਕਰਨਾ ਚਾਹੋਂਗੇ ਜੋ ਚੀਜ਼ਾਂ ਤੁਸੀ ਬਚਪਨ ਵਿਚ ਪਿਆਰ ਨਾਲ ਕਰਦੇ ਸੀ। ਤੁਸੀ ਅੱਜ ਆਪਣੇ ਸਾਥੀ ਨਾਲ ਵਧੀਆ ਗੱਲਬਾਤ ਕਰੋਂਗੇ ਅਤੇ ਮਹਿਸੂਸ ਕਰੋਂਗੇ ਕਿ ਤੁਹਾਡੇ ਦੋਹਾਂ ਵਿਚ ਕਿੰਨਾਂ ਪਿਆਰ ਹੈ।

**ਬ੍ਰਿਸ਼ਭ** : ਦੋਸਤ ਜਾਂ ਸਹਿਕਰਮੀ ਦਾ ਸਵਾਰਥੀ ਬਰਤਾਵ ਤੁਹਾਡਾ ਮਾਨਸਿਕ ਸਕੂਨ ਖਤਮ ਕਰ ਸਕਦਾ ਹੈ। ਜਿਨਾਂ ਲੋਕਾਂ ਨੇ ਆਪਣਾ ਪੈਸਾ ਸੱਟੇਬਾਜ਼ੀ ਵਿਚ ਪੈਸਾ ਲਗਾਇਆ ਹੋਇਆ ਹੈ ਅੱਜ ਉਨਾਂ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ ਸੱਟੇਬਾਜ਼ੀ ਤੋਂ ਦੂਰ ਰਹਿਣ ਦੀ ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ। ਪੋਤੇ ਤੋਂ ਅੱਜ ਕਾਫੀ ਖੁਸ਼ੀ ਮਿਲ ਸਕਦੀ ਹੈ। ਅੱਜ ਤੁਹਾਨੂੰ ਪਿਆਰ ਦੀ ਅਮੀਰ ਚੋਕਲੇਟ ਦਾ ਸਵਾਦ ਦੇਖਣ ਨੂੰ ਮਿਲੇਗਾ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੂਸਰਿਆਂ ਦੀ ਮਦਦ ਬਿਨਾਂ ਮਹੱਤਵਪੂਰਨ ਕੰਮਾਂ ਨੂੰ ਕਰ ਸਕਦੇ ਹੋ ਤਾਂ ਤੁਹਾਡੀ ਸੋਚ ਕਾਫੀ ਗਲਤ ਹੈ। ਅੱਜ ਤੁਸੀ ਆਪਣੇ ਵਿਅਸਤ ਸ਼ੈਡਯੂਲ ਵਿਚੋਂ ਆਪਣੇ ਆਪ ਲਈ ਸਮਾਂ ਕੱਢ ਲਵੋਂਗੇ ਪਰੰਤੂ ਦਫਤਰ ਦੇ ਜ਼ਰੂਰੀ ਕੰਮ ਕਾਰਨ ਤੁਹਾਡੀ ਯੋਜਨਾ ਫੇਲ ਹੋ ਸਕਦੀ ਹੈ। ਜਦੋਂ ਤੁਸੀ ਆਪਣੇ ਜੀਵਨਸਾਥੀ ਨਾਲ ਭਾਵਨਾਤਮਕ ਤੋਰ ਤੇ ਜੁੜਦੇ ਹੋ ਤਾਂ ਨਜ਼ਦੀਕੀ ਆਪਣੇ ਆਪ ਮਹਿਸੂਸ ਕੀਤੀ ਜਾ ਸਕਦੀ ਹੈ।

**ਮਿਥੁਨ** : ਅਣਚਾਹੇ ਖਿਆਲਾਂ ਨੂੰ ਦਿਮਾਗ ਤੇ ਕਬਜ਼ਾ ਨਾ ਕਰਨ ਦਿਉ। ਸ਼ਾਤ ਅਤੇ ਤਣਾਅ ਰਹਿਤ ਰਹਿਣ ਦੀ ਕੋਸ਼ਿਸ਼ ਕਰੋ ਇਸ ਨਾਲ ਤੁਹਾਡੀ ਮਾਨਸਿਕ ਸ਼ਮਤਾ ਵਧੇਗੀ। ਜੇਕਰ ਤੁਸੀ ਸਫਰ ਕਰ ਰਹੇ ਹੋਂ ਤਾਂ ਆਪਣਾ ਕੀਮਤੀ ਸਾਮਾਨ ਦਾ ਵਿਸ਼ੇਸ਼ ਧਿਆਨ ਰੱਖੋ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਸਮਾਨ ਦੇ ਚੋਰੀ ਜਾਂ ਬਦਲਾਅ ਦੀ ਸੰਭਾਵਨਾ ਹੈ। ਪੜ੍ਹਾਈ ਲਿਖਾਈ ਵਿਚ ਘੱਟ ਰੁਚੀ ਦੇ ਚਲਦੇ ਬੱਚੇ ਤੁਹਾਨੂੰ ਥੋੜਾ ਨਿਰਾਸ਼ ਕਰ ਸਕਦੇ ਹਨ। ਤੁਹਾਡੀ ਪਿਆਰ ਦੀ ਜ਼ਿੰਦਗੀ ਲਿਹਾਜ਼ ਨਾਲ ਸ਼ਾਨਦਾਰ ਦਿਨ ਹੈ ਪਿਆਰ ਕਰਦੇ ਰਹੋ। ਰੂਪ ਅਤੇ ਸਾਹਿਸ ਦਾ ਪੱਲਾ ਬਚਾ ਕੇ ਰੱਖੋ ਖਾਸ ਤੋਰ ਤੇ ਜਦੋਂ ਦੂਜੇ ਤੁਹਾਡਾ ਵਿਰੋਧ ਕਰਨਗੇ ਜਿਸ ਦੀ ਕੰਮਕਾਰ ਦੇ ਦੋਰਾਨ ਸੰਭਾਵਨਾ ਹੈ। ਯਾਤਰਾ ਅਤੇ ਸੈਰ ਨਾ ਕੇਵਲ ਆਨੰਦਦਾਇਕ ਸਿੱਧ ਹੋਵੇਗੀ ਬਲਕਿ ਸਿੱਖਿਆਤਮਕ ਵੀ ਰਹੇਗੀ। ਤੁਹਾਡੇ ਜੀਵਨਸਾਥੀ ਦੁਆਰਾ ਤੁਹਾਨੂੰ ਨੀਚਾ ਦਿਖਾਇਆ ਜਾ ਸਕਦਾ ਹੈ ਅਤੇ ਇਹ ਤੁਹਾਨੂੰ ਵਿਆਹ ਤੋੜਨ ਲਈ ਮਜ਼ਬੂਰ ਕਰ ਸਕਦਾ ਹੈ।



**ਕਰਕ** : ਮਾ-ਪਿਉ ਨੂੰ ਅਣਦੇਖਾ ਕਰਨਾ ਤੁਹਾਡੀ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਖਤਮ ਕਰ ਸਕਦਾ ਹੈ ਚੰਗਾ ਸਮਾਂ ਬਹੁਤ ਜ਼ਿਆਦਾ ਦਿਨਾਂ ਤੱਕ ਨਹੀਂ ਰਹਿੰਦਾ ਇਨਸਾਨ ਦੇ ਕਰਮ ਤਰੰਗਾਂ ਦੀ ਤਰਾਂ ਹਨ ਜਿਹੜੇ ਨਾਲ ਮਿਲਕੇ ਸੰਗੀਤ ਬਣਾਉਂਦੇ ਹਨ ਅਤੇ ਆਪਸ ਵਿਚ ਟਕਰਾਕੇ ਖੜਖੜਾਹਟ। ਅਸੀ ਜੋ ਬੀਜਦੇ ਹਾਂ ਉਹ ਹੀ ਪਾਉਂਦੇ ਹਾਂ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਪੂਰੇ ਸੰਸਾਰ ਦੀ ਖੁਸ਼ੀ ਦੋਵਾਂ ਦੇ ਵਿਚ ਆਯੋਜਨ ਕੀਤੀ ਜਾਵੇਗੀ ਜੋ ਪਿਆਰ ਵਿਚ ਹਨ ਹਾਂ ਤੁਸੀ ਕਿਸਮਤ ਵਾਲੇ ਹੋ। ਭੂਤਕਾਲ ਵਿਚ ਕੀਤਾ ਕੰਮ ਅੱਜ ਪਰਿਣਾਮ ਅਤੇ ਪੁਰਸਕਾਰ ਲੈ ਕੇ ਆਵੇਗਾ। ਜੇਕਰ ਤੁਸੀ ਖਰੀਦਦਾਰੀ ਕਰਨ ਜਾਵੋ ਤਾਂ ਲੋੜ ਤੋਂ ਜ਼ਿਆਦਾ ਜੇਬ ਢਿੱਲੀ ਕਰਨ ਤੋਂ ਬਚੋ। ਤੁਹਾਡੇ ਜੀਵਨਸਾਥੀ ਦੀ ਅੰਦਰੂਨੀ ਸੁੰਦਰਤਾ ਅੱਜ ਬਾਹਰ ਆਵੇਗੀ।

**ਸਿੰਘ**: ਖੁਸ਼ੀ ਭਰੇ ਦਿਨ ਦੇ ਲਈ ਮਾਨਸਿਕ ਤਣਾਅ ਅਤੇ ਝੰਝਟ ਤੋਂ ਬਚੋ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਘਰੇਲੂ ਕੰਮ ਥਕਾਉਣ ਵਾਲਾ ਹੋਵੇਗਾ ਅਤੇ ਇਸ ਲਈ ਇਹ ਮਾਨਸਿਕ ਤਣਾਵ ਦੀ ਵਜਾਹ ਵੀ ਬਣ ਸਕਦਾ ਹੈ। ਤੁਹਾਡਾ ਬੇਹਦ ਪਿਆਰ ਤੁਹਾਡੇ ਪਿਆਰ ਦੇ ਲਈ ਕਾਫੀ ਕੀਮਤੀ ਹੈ। ਬੇਹਤਰ ਕੰਮ ਕਾਰ ਦੇ ਚਲਦੇ ਤੁਹਾਨੂੰ ਤਾਰੀਫ ਮਿਲ ਸਕਦੀ ਹੈ। ਜਾਣਕਾਰਾਂ ਨਾਲ ਗੱਲ ਕਰਨਾ ਠੀਕ ਹੈ ਪਰ ਉਨਾਂ ਦੇ ਇਰਾਦਿਆਂ ਨੂੰ ਜਾਣੇ ਬਿਨਾਂ ਤੁਹਾਡੇ ਸਭ ਤੋਂ ਡੂੰਘੇ ਰਾਜ਼ਾਂ ਨੂੰ ਸਾਝਾਂ ਕਰਨਾ ਤੁਹਾਡੇ ਸਮੇਂ ਅਤੇ ਵਿਸ਼ਵਾਸ਼ ਦੀ ਬਰਬਾਦੀ ਹੈ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕੰਨਿਆ**: ਪਰੀਵਾਰ ਦੇ ਇਲਾਜ ਨਾਲ ਜੁੜੇ ਖਰਚਿਆਂ ਵਿਚ ਵਾਧੇ ਨੂੰ ਨਕਾਰਿਆ ਨਹੀਂ ਜਾ ਸਕਦਾ। ਅੱਜ ਤੁਹਾਨੂੰ ਕੋਈ ਪੁਰਾਣੀ ਬਿਮਾਰੀ ਪਰੇਸ਼ਾਨ ਕਰ ਸਕਦੀ ਹੈ ਜਿਸ ਦੀ ਵਜਾਹ ਨਾਲ ਤੁਹਾਨੂੰ ਹਸਪਤਾਲ ਵੀ ਜਾਣਾ ਪੈ ਸਕਦਾ ਹੈ ਅਤੇ ਤੁਹਾਡੀ ਕਾਫੀ ਖਰਚ ਹੋ ਸਕਦਾ ਹੈ। ਜੋ ਲੋਕ ਤੁਹਾਡੇ ਲਈ ਸਭ ਤੋਂ ਜ਼ਿਆਦਾਂ ਅਹਿਮੀਅਤ ਰੱਖਦੇ ਹਨ ਉਸ ਨੂੰ ਆਪਣੀ ਗੱਲ ਸਮਝਾਉਣ ਦੇ ਲਈ ਤੁਸੀ ਕਾਫੀ ਦਿੱਕਤ ਮਹਿਸੂਸ ਕਰੋਂਗੇ। ਤੁਹਾਡਾ ਸਾਥੀ ਤੁਹਾਡੇ ਬਾਰੇ ਚੰਗਾ ਸੋਚਦਾ ਹੈ ਇਸੇ ਕਰਕੇ ਤੁਹਾਨੂੰ ਉਸ ਤੇ ਕਈਂ ਵਾਰ ਗੁੱਸਾ ਆਉਂਦਾ ਹੈ ਵਾਪਸ ਜਵਾਬ ਦੇਣ ਦੀ ਬਜਾਏ ਉਨਾਂ ਦੇ ਸ਼ਬਦਾਂ ਨੂੰ ਅਤੇ ਇਹ ਕਿੱਥੋਂ ਆ ਰਹੇ ਹਨ ਨੂੰ ਸਮਝਣਾ ਬਿਹਤਰ ਹੋਵੇਗਾ। ਤੁਹਾਨੂੰ ਅਜਿਹੀ ਪਰਿਯੋਜਨਾ ਦੇ ਲਈ ਕੰਮ ਕਰਨਾ ਚਾਹੀਦਾ ਹੈ ਜੋ ਅੱਗੇ ਚਲ ਕੇ ਲਾਭ ਦੇਵੇਗੀ। ਅੱਜ ਮੋਸਮ ਦਾ ਮਿਜਾਜ ਕੁਝ ਇਸ ਤਰਾਂ ਦਾ ਰਹੇਗਾ ਕਿ ਤੁਸੀ ਬਿਸਤਰ ਤੋਂ ਉਠਣ ਨੂੰ ਰਾਜ਼ੀ ਨਹੀਂ ਹੋਵੋਂਗੇ। ਬਿਸਤਰ ਤੋਂ ਉਠਾਉਣ ਤੋਂ ਬਾਅਦ ਤੁਹਾਨੂੰ ਅਹਿਸਾਸ ਹੋਵੇਗਾ ਕਿ ਤੁਸੀ ਆਪਣਾ ਕੀਮਤੀ ਸਮਾਂ ਖਰਾਬ ਕਰ ਚੁੱਕੇ ਹੋ। ਅੱਜ ਜੇਕਰ ਤੁਸੀ ਆਪਣੇ ਸਾਥੀ ਦੀਆਂ ਛੋਟੀ ਛੋਟੀ ਮੰਗਾਂ ਨੂੰ ਨਜ਼ਰਅੰਦਾਜ ਕਰੋਂਗੇ ਜਿਵੇਂ ਨਲਕੀਆਂ ਦੇ ਪਰਤਵੇ ਜਾਂ ਇਕ ਜੱਫੀ ਤਾਂ ਉਹ ਦੁਖੀ ਹੋ ਸਕਦਾ ਹੈ।

**ਤੁਲਾ**: ਆਪਣੀ ਸਰੀਰਕ ਸਿਹਤ ਸੁਧਾਰਨ ਦੇ ਲਈ ਸੰਤੁਲਿਤ ਆਹਾਰ ਹੈ। ਮਾਤਾ ਪਿਤਾ ਦੀ ਸਿਹਤ ਤੇ ਤੁਹਾਨੂੰ ਅੱਜ ਕਾਫੀ ਪੈਸਾ ਖਰਚ ਕਰਨਾ ਪੈ ਸਕਦਾ ਹੈ ਇਸ ਲਈ ਆਰਥਿਕ ਸਥਿਤੀ ਵਿਚ ਵਿਗਾੜ ਆਵੇਗਾ ਪਰੰਤੂ ਨਾਲ ਹੀ ਰਿਸ਼ਤਿਆਂ ਵਿਚ ਮਜ਼ਬੂਤੀ ਵੀ ਆਵੇਗੀ। ਆਪਣੇ ਫੈਂਸਲੇ ਬੱਚਿਆਂ ਤੇ ਲਾਗੂ ਕਰਨਾ ਉਨਾਂ ਨੂੰ ਨਾਰਾਜ਼ ਕਰ ਸਕਦਾ ਹੈ ਬੇਹਤਰ ਹੋਵੇਗਾ ਕਿ ਤੁਸੀ ਉਨਾਂ ਨੂੰ ਆਪਣਾ ਪੱਖ ਸਮਝਾਉ ਤਾਂ ਕਿ ਉਹ ਪਿੱਛੇ ਦੀ ਵਜਾਹ ਸਮਝਕੇ ਆਪਣੀ ਗੱਲ ਨੂੰ ਆਸਾਨੀ ਨਾਲ ਸਵੀਕਾਰ ਕਰੋ। ਅੱਜ ਇਕ ਪੌਦਾ ਲਗਾਉ। ਵਪਾਰਕ ਸ਼ੋ ਅਤੇ ਸੈਮਿਨਾਰਾਂ ਆਦਿ ਵਿਚ ਭਾਗੀਦਾਰੀ ਤੁਹਾਡੇ ਵਪਾਰਕ ਸੰਪਰਕਾਂ ਵਿਚ ਸੁਧਾਰ ਲਿਆਵੇਗੀ। ਉਨਾਂ ਚੀਜਾਂ ਨੂੰ ਦੁਹਾਰਾਉਣਾ ਜਿਨਾਂ ਦਾ ਹੁਣ ਤੁਹਾਡੀ ਜ਼ਿੰਦਗੀ ਵਿਚ ਕੋਈ ਮਹੱਤਵ ਨਹੀਂ ਹੈ ਤੁਹਾਡੇ ਲਈ ਠੀਕ ਨਹੀਂ ਹੈ ਅਜਿਹਾ ਕਰਕੇ ਤੁਸੀ ਆਪਣਾ ਸਮਾਂ ਹੀ ਖਰਾਬ ਕਰੋਂਗੇ ਹੋਰ ਕੁਝ ਨਹੀਂ। ਆਂਢੀਆਂ ਗੁਆਢੀਆਂ ਦੀ ਕਿਸੇ ਸੁਣੀ ਸੁਣਾਈ ਗੱਲ ਨੂੰ ਲੈ ਕੇ ਤੁਹਾਡਾ ਜੀਵਨਸਾਥੀ ਮਾਮਲਾ ਬਣਾ ਸਕਦਾ ਹੈ।

**ਬ੍ਰਿਸ਼ਚਕ** : ਬਹੁਤਾ ਨਾਕਾਰਾਤਮਕ ਤੁਹਾਡੀ ਸੋਚਣ ਦੀ ਤਾਕਤ ਅਤੇ ਸਰੀਰ ਦੇ ਪ੍ਰਤੀਕਸ਼ਾ ਯੰਤਰ ਨੂੰ ਕਮਜ਼ੋਰ ਬਣਾ ਸਕਦਾ ਹੈ। ਸਾਕਾਰਤਮਕ ਸੋਚ ਦੇ ਜ਼ਰੀਏ ਇਸ ਸਮੱਸਿਆ ਤੋਂ ਛੁਟਕਾਰਾ ਪਾਉ। ਅੱਜ ਅਦਾਲਤ ਦਾ ਫੈਂਸਲਾ ਤੁਹਾਡੇ ਹੱਕ ਵਿਚ ਆ ਸਕਦਾ ਹੈ ਜੇਕਰ ਤੁਸੀ ਪੈਸਿਆਂ ਨਾਲ ਜੁੜੇ ਮਾਮਲਿਆਂ ਵਿਚ ਸ਼ਾਮਿਲ ਹੁੰਦੇ ਹੋ ਇਸ ਨਾਲ ਤੁਹਾਨੂੰ ਆਰਥਿਕ ਲਾਭ ਹੋਵੇਗਾ। ਜੇਕਰ ਤੁਸੀ ਪਾਰਟੀ ਕਰਨ ਦੀ ਸੋਚ ਰਹੇ ਹੋ ਤਾਂ ਆਪਣੇ ਚੰਗੇ ਦੋਸਤਾਂ ਨੂੰ ਬੁਲਾਉ। ਅਜਿਹੇ ਕਈਂ ਲੋਕ ਹੋਣਗੇ ਜੋ ਤੁਹਾਡਾ ਉਤਸ਼ਾਹ ਵਧਾਉਣਗੇ। ਗਲਤ ਸੰਚਾਰ ਅਤੇ ਇਕ ਸੰਦੇਸ਼ ਤੁਹਾਡੇ ਦਿਨ ਨੂੰ ਨਿਰਾਸ਼ਾਜਨਕ ਬਣਾ ਸਕਦੀ ਹੈ। ਆਪਣੇ ਕੰਮ ਵਿਚ ਤੇਜੀ ਲਿਆਉਣ ਦੇ ਲਈ ਤੁਸੀ ਤਕਨੀਕ ਨਾਲ ਜੁੜੀ ਚੀਜਾਂ ਵਿਚ ਨਿਵੇਸ਼ ਕਰ ਸਕਦੇ ਹੋ। ਅੱਜ ਤੁਸੀ ਆਪਣਾ ਖਾਲੀ ਸਮਾਂ ਮੰਦਿਰ, ਗੁਰੂਦੁਆਰੇ ਜਾਂ ਕੋਈ ਧਾਰਮਿਕ ਸਥਾਨ ਤੇ ਬੇਲੋੜੀਆਂ ਮੁਸ਼ਕਿਲਾਂ ਅਤੇ ਪਰੇਸ਼ਾਨੀਆਂ ਤੋਂ ਬਿਤਾ ਸਕਦੇ ਹੋ। ਵਿਆਹੁਤ ਜ਼ਿੰਦਗੀ ਦੇ ਕੁਝ ਸਾਈਡ ਈਫੈਕਟ ਵੀ ਹੁੰਦੇ ਹਨ ਅੱਜ ਤੁਹਾਨੂੰ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਧਨੂੰ**: ਸਿਹਤ ਨਾਲ ਜੁੜੀ ਸਮੱਸਿਆ ਪਰੇਸ਼ਾਨੀ ਦੇ ਸਕਦੀ ਹੈ। ਅੱਜ ਪੈਸਾ ਤੁਹਾਡੇ ਹੱਥ ਵਿਚ ਨਹੀਂ ਟਿਕੇਗਾ, ਅਤੇ ਪੈਸਾ ਇਕੱਠਾ ਕਰਨ ਵਿਚ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਜ਼ੁਰਗਾਂ ਦੀ ਜਾਇਦਾਦ ਦੀ ਖਬਰ ਪੂਰੇ ਪਰਿਵਾਰ ਦੇ ਲਈ ਖੁਸ਼ੀ ਲਿਆ ਸਕਦੀ ਹੈ। ਅੱਜ ਤੁਸੀ ਪਿਆਰ ਦੇ ਮੂਡ ਵਿਚ ਹੋਵੋਂਗੇ ਅਤੇ ਤੁਹਾਡੇ ਕੋਲ ਕਾਫੀ ਮੋਕੇ ਵੀ ਹੋਣਗੇ। ਕੰਮਕਾਰ ਵਿਚ ਕੋਈ ਤੁਹਾਡੀ ਯੋਜਨਾ ਵਿਚ ਅੱਡੀਕਾ ਬਣ ਸਕਦਾ ਹੈ ਇਸ ਲਈ ਅੱਖਾਂ ਖੋਲ ਕੇ ਰੱਖੋ ਅਤੇ ਆਪਣੇ ਚਾਰੋ ਤਰਫ ਹੋ ਰਹੀ ਗਤੀਵਿਧਿਆਂ ਪ੍ਰਤੀ ਸਜੱਗ ਰਹੋ। ਇਸ ਰਾਸ਼ੀ ਦੇ ਵਿਦਿਆਰਥੀਆਂ ਨੂੰ ਅੱਜ ਦੇ ਦਿਨ ਪੜ੍ਹਾਈ ਵਿਚ ਮਨ ਲਗਾਉਣ ਵਿਚ ਮੁਸ਼ਕਿਲ ਆ ਸਕਦੀ ਹੈ ਅੱਜ ਤੁਸੀ ਆਪਣਾ ਕੀਮਤੀ ਸਮਾਂ ਦੋਸਤਾਂ ਦੇ ਚੱਕਰ ਵਿਚ ਬਰਬਾਦ ਕਰ ਸਕਦੇ ਹੋ ਅੱਜ ਤੁਸੀ ਜਾਣੋਂਗੇ ਕਿ ਵਿਆਹ ਕਰਵਾਉਣ ਦੀ ਅਸਲ ਪਰੰਪਰਾ ਕੀ ਹੈ।

**ਮਕਰ** : ਲੋਕਾਂ ਦੇ ਨਾਲ ਗੱਲ ਕਰਨ ਅਤੇ ਸਮਰਾਹਾਂ ਵਿਚ ਹਿੱਸਾ ਲੈਣ ਦਾ ਡਰ ਤੁਹਾਡੀ ਘਬਰਾਹਟ ਦੀ ਵਜਾਹ ਬਣ ਸਕਦਾ ਹੈ। ਇਸ ਪਰੇਸ਼ਾਨੀ ਤੋਂ ਬਚਣ ਲਈ ਆਪਣੇ ਆਤਮਵਿਸ਼ਵਾਸ ਵਿਚ ਵਾਧਾ ਕਰੋ। ਨਿਵੇਸ਼ ਲਈ ਵਧੀਆ ਹੈ ਪਰੰਤੂ ਉਚਿਤ ਸਲਾਹ ਨਾਲ ਨਿਵੇਸ਼ ਕਰੋ। ਕਿਸੇ ਪਰਿਵਾਰਿਕ ਭੇਦ ਦਾ ਖੁੱਲਣਾ ਤੁਹਾਨੂੰ ਤੋਹਫਾ ਦੇ ਸਕਦਾ ਹੈ। ਤੁਹਾਡੀਆਂ ਅੱਖਾਂ ਏਨੀਆਂ ਚਮਕੀਲੀਆਂ ਹਨ ਕਿ ਉਹ ਤੁਹਾਡੇ ਪਿਆਰ ਦੀ ਅੰਧੇਰੀ ਰਾਤ ਨੂੰ ਵੀ ਰੋਸ਼ਨ ਕਰ ਸਕਦੀ ਹੈ। ਕਾਰੋਬਾਰੀ ਮੇਲ ਜੋਲ ਦੋਰਾਨ ਭਾਵੁਕ ਅਤੇ ਬੜਬੋਲੇ ਨਾ ਹੋਵੋਜੇਕਰ ਤੁਸੀ ਆਪਣੀ ਸਪੀਚ ਤੇ ਕਾਬੂ ਨਹੀਂ ਰੱਖੋਗੇ ਤਾਂ ਤੁਸੀ ਆਸਾਨੀ ਨਾਲ ਆਪਣੀ ਪ੍ਰਸਿੱਧੀ ਨੂੰ ਖਤਮ ਕਰ ਸਕਦੇ ਹੋ। ਇਸ ਰਾਸ਼ੀ ਦੇ ਵੱਡੇ ਅੱਜ ਦੇ ਦਿਨ ਆਪਣੇ ਪੁਰਾਣੇ ਦੋਸਤਾਂ ਨੂੰ ਮਿਲਣ ਜਾ ਸਕਦੇ ਹਨ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ ਸਮਝੋਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀ ਅੱਜ ਜਾਣੋਂਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋਂ ਚੰਗੀ ਘਟਨਾ ਸੀ।

**ਕੁੰਭ**: ਆਪਣਾ ਸੰਤੁਲਨ ਨਾ ਖੋਵੋ ਖਾਸਤੋਰ ਤੇ ਮੁਸ਼ਕਿਲ ਹਾਲਾਤ ਵਿਚ। ਲੋੜ ਤੋਂ ਜ਼ਿਆਦਾ ਖਰਚ ਕਰਨ ਅਤੇ ਚਲਾਕੀ ਭਰੀ ਆਰਥਿਕ ਯੋਜਨਾਵਾਂ ਤੋਂ ਬਚੋ। ਕੋਈ ਅਜਿਹਾ ਜਿਸਦੇ ਨਾਲ ਤੁਸੀ ਰਹਿੰਦੇ ਹੋ ਤੁਸੀ ਲਾਪਰਵਾਹ ਅਤੇ ਅਨਿਸ਼ਚਿਤ ਵਿਵਹਾਰ ਦੀ ਵਜਾਹ ਤੋਂ ਚਿੜ ਸਕਦੇ ਹੋ। ਅੱਜ ਕਿਸੇ ਅਜਿਹੇ ਇਨਾਸਾਨ ਨਾਲ ਮਿਲਣ ਦੀ ਸੰਭਾਵਨਾ ਹੈ ਜੋ ਤੁਹਾਡੇ ਦਿਲ ਨੂੰ ਗਿਹਰਾਈ ਨਾਲ ਛੂ ਲਵੇਗਾ। ਤੁਸੀ ਜੋ ਵੀ ਕਰੋਂਗੇ ਬੇਹਤਰ ਢੰਗ ਨਾਲ ਕਰੋਂਗੇ ਤੁਹਾਡਾ ਲਾਜਵਾਬ ਕੰਮ ਖੁਦ ਹੀ ਤੁਹਾਡੀ ਅਸਲੀ ਕੀਮਤ ਲੋਕਾਂ ਨੂੰ ਦੱਸੇਗਾ। ਤੁਸੀ ਆਪਣੇ ਸਰੀਰ ਨੂੰ ਫਿਰ ਤੋਂ ਜੀਵਾਉਣ ਅਤੇ ਤਦੰਰੁਸਤ ਬਣਾਉਣ ਦੀ ਯੋਜਨਾ ਬਣਾਉਂਗੇ ਪਰ ਬਾਕੀ ਦਿਨਾਂ ਵਾਂਗ ਤੁਸੀ ਇਸ ਨੂੰ ਚਲਾਉਣ ਵਿਚ ਵੀ ਅਸਫਲ ਹੋਵੋਂਗੇ। ਇਹ ਦਿਨ ਤੁਹਾਡੇ ਸਮਾਨਯ ਵਿਵਾਹਿਕ ਜੀਵਨ ਵਿਚ ਦਿਲਚਸਪ ਹੋ ਸਕਦਾ ਹੈ ਤੁਸੀ ਅੱਜ ਸੱਚਮੁਚ ਅਸਾਧਾਰਣ ਚੀਜ ਨੂੰ ਅਨੁਭਵ ਕਰੋਂਗੇ।

**ਮੀਨ**: ਬੇਕਾਰ ਦੇ ਖਿਆਲਾਂ ਵਿਚ ਆਪਣੀ ਉਰਜਾ ਬਰਬਾਦ ਨਾ ਕਰੋ ਬਲ ਕਿ ਇਸ ਨੂੰ ਸਹੀ ਦਿਸ਼ਾ ਵਿਚ ਲਗਾਉ। ਲੰਬੇ ਸਮੇਂ ਤੋਂ ਰੁਕੇ ਮੁਆਵਜ਼ੇ ਅਤੇ ਕਰਜ਼ ਆਦਿ ਆਖਿਰਕਾਰ ਤੁਹਾਨੂੰ ਮਿਲ ਜਾਣਗੇ। ਰਿਸ਼ਤੇਦਾਰਾਂ ਨਾਲ ਸਹਿਯੋਗ ਵਧੇਗਾ ਅਤੇ ਦਿਮਾਗੀ ਬੋਝ ਤੋਂ ਛੁਟਕਾਰਾ ਮਿਲੇਗਾ। ਰੋਮਾਂਸ ਦਾ ਤੁਹਾਡੇ ਦਿਲ ਤੇ ਕਬਜਾ ਹੈ। ਸਾਂਝੀਦਾਰੀ ਅਤੇ ਜੁੜੇ ਉੱਦਮਾਂ ਤੋਂ ਦੂਰ ਰਹੋ। ਸਮੇਂ ਦੇ ਨਾਲ ਚਲਣਾ ਤੁਹਾਡੇ ਲਈ ਚੰਗਾ ਹੈ ਪਰੰਤੂ ਨਾਲ ਹੀ ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਤੱਕ ਤੁਹਾਡੇ ਕੋਲ ਖਾਲੀ ਸਮਾਂ ਹੈ ਆਪਣੇ ਕਰੀਬੀਆਂ ਦੇ ਨਾਲ ਸਮਾਂ ਬਿਤਾਉ। ਇਹ ਦਿਨ ਅੱਜ ਤੁਹਾਡੇ ਪਾਰਟਨਰ ਨਾਲ ਰੋਮਾਂਟਿਕ ਪਾਸੇ ਦੇ ਭਰਪੂਰ ਪਹਿਲੂ ਦਿਖਾਵੇਗਾ।

# ਸੁਆਸਾਂ ਦੀ ਘੜੀ



ਕਰਤਾ ਪੁਰਖ ਨੇ ਜੋ ਵੀ ਕੁਝ ਰਚਨਾ ਅੰਦਰ ਸਥਾਪਿਤ ਕੀਤਾ ਹੈ, "ਉਹ ਪਵਿਤਰਤਾਦੀ ਹੱਦ ਤੱਕ ਨਿਰਮੈਲ" ਰੱਖਿਆ ਹੈ। ਕਰਤਾ ਦੇ ਪੈਦਾ ਕੀਤੇ ਪੌਣ-ਪਾਣੀ, ਪੇੜ, ਪੌਦੇ, ਪਹਾੜ, ਪਛੂ, ਪੰਛੀ ਸਭ ਇਕ ਦੂਸਰੇ ਦੇ ਸਹਾਇਕ ਹਨ। ਸਭ ਸਾਗ ਸਬਜ਼ੀਆਂ ਫਲ ਬੀਜ ਆਦਿ ਸਾਰੇ ਭਿੰਨ ਭਿੰਨ ਪਰਕਾਰ ਦੀਆਂ ਦੁਆਈਆਂ ਹਨ। ਇਹ ਸਮੂਹ ਜੀਵ ਜਗਤ ਨੂੰ ਤੰਦਰੁਸਤ ਰੱਖਣ ਦਾ ਪੂਰਾ ਪੂਰਾ ਹੀਲਾ ਵਸੀਲਾ ਹਨ। ਸਭ ਦੇ ਰਸਾਇਣਕ ਗੁਣ ਵੱਖਰੇ ਹੋਣ ਕਾਰਣ ਖਾਸ ਸਬਜ਼ੀ, ਫਲ ਕਿਸੇ ਖਾਸ ਬਿਮਾਰੀ ਸਮੇਂ ਵਰਤਿਆ ਜਾ ਸਕਦਾ ਹੈ। ਇਹ ਸਭ ਜੀਵਾਂ ਨੂੰ ਅਰੋਗ ਰੱਖ ਜੀਵਨ ਜਿਉਂਣ ਦਾ ਹੱਕ ਦਿੰਦਾ ਹੈ। ਵਿਸ਼ਵ ਪਿਤਾਮਾਂ ਗੁਰੂ ਨਾਨਕ ਜੀ ਨੇ ਸਾਇੰਸ ਦੀ ਹੱਰ ਆਧੁਨਿਕ ਥਿਉਰੀ ਦੀ ਅਗਵਾਈ ਕੀਤੀ ਹੈ। "ਸੁਆਸਾਂ ਦੀ ਘੱੜੀ" ਉਹਨਾਂ ਵਿਚੋਂ ਇਕ ਹੈ।

ਇਕਿ ਪਉਣ ਸੁਮਾਰੀ ਪਉਣ ਸੁਮਾਰਿ॥
ਇਕਿ ਨਿਰੰਕਾਰੀ ਨਾਮ ਆਧਾਰਿ ॥
ਜੀਵੈ ਦਾਤਾ ਮਰੈ ਨ ਕੋਇ ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ॥ ਅੰਕ 144 ॥

ਕਰਤਾ ਪੁਰਖ ਨੇ ਸਾਡੇ ਸਰੀਰ ਅੰਦਰ ਇਕ ਘੱੜੀ{ਸੁਮਾਰੀ} ਜੋ ਸਾਡੇ ਜੀਵਨ ਭੱਰ ਦੇ ਸਾਹਾਂ {ਪਉਣ} ਦੀ ਪੂਰੀ ਗਿਣਤੀ {ਸੁਮਾਰਿ} ਕਰਦੀ ਹੈ। ਮੂਲ ਕੋਸ਼ ਨੂੰ ਪਰਮਾਤਾਂ ਦੇ ਨਾਮ ਦਾ ਸਹਾਰਾ ਹੈ। ਪਾਲਣਾ ਕਰਣ ਵਾਲਾ ਦਾਤਾ ਸਦੈਵ ਅਮਰ ਹੈ, ਉਸ ਦੇ ਉਤਪਤ ਕੀਤੇ ਵੀ ਮਰਦੇ ਨਹੀਂ ਹਨ। ਜੋ ਪਰਮਾਤਾਂ ਦੇ ਨਾਮ ਅੰਦਰ ਰਸੀਲੇ ਹੋਏ ਹਨ, ਉਹ ਕਦੀ ਵੀ ਅਵੇਸਲੇ ਨਹੀਂ ਹੁੰਦੇ ਹਨ।

ਸਾਡੇ ਮੂਲ ਸੈਲ,ਦਾ ਆਕਾਰ ਲਗਭੱਗ ਇਕ ਮਿਲੀਮੀਟਰ ਹੈ। ਇਸ ਅੰਦਰ 23 ਜੋੜੇ ਗੁਣ ਸੂਤਰਾਂ ਦੇ ਅਤੇ ਲਗਭੱਗ 30000 ਤੋਂ 40000 ਜੀਨਸ ਹੁੰਦੇ ਹਨ। ਡੀ ਐਨ ਏ ਪੌੜੀ "ਮੂਲ ਜੋੜੇ" {Base Pair} ਚਾਰ ਤੱਤਾਂ ਦੇ, ਐਡੇਨਾਈਨ {Adenine} ਥਾਈਮਾਈਨ {Thymine} ਗੁਆਨਾਈਨ {Guanine} ਅਤੇ ਸਾਈਟੋਸਾਈਨ {Cytosine} ਆਦਿ। ਐਡੇਨਾਈਨ ਬਰਾਹਿਮੰਡੀ ਤਤ {Extrs Terrestrial Radiation} ਮੰਨਿਆਂ ਗਿਆ ਹੈ। ਇਸ ਬਗੈਰ ਉਤਪਤੀ ਹੋ ਹੀ ਨਹੀਂ ਸਕਦੀ ਹੈ।

ਪਵਣੈ ਪਾਣੀ ਜਾਣੈ ਜਾਤਿ ॥
ਕਾਇਆ ਅਗਨਿ ਕਰੇ ਨਿਭਰਾਤਿ॥
ਜੰਮਹਿ ਜੀਅ ਜਾਣੈ ਜੇ ਥਾਉ॥
ਸੁਰਤਾ ਪੰਡਿਤੁ ਤਾ ਕਾ ਨਾਉ॥ ਅੰਕ 1256 ॥

ਜੀਵਾਂ ਦੇ ਪੈਦਾ ਹੋਣ ਦੀ ਮੂਲ ਰੂਪ ਵਿਚ ਜਾਤ ਕੇਵਲ ਤੇ ਕੇਵਲ ਪਵਣ ਅਤੇ ਪਾਣੀ ਹੈ, ਸਰੀਰ ਨੂੰ ਧੜਕਨ ਦੇਣ ਦਾ ਕਰਮ ਅਗਨੀ ਕਰਦੀ ਹੈ। ਜੇਕਰ ਕੋਈ ਇਨਸਾਨ ਇਹ ਜਾਣਦਾ ਹੋਵੇ ਕਿ ਜੀਵ ਦੇ ਜੰਮਣ ਦਾ "ਮੂਲ ਦਰਿ" ਕਿਹੜਾ ਹੈ, ਤਾਂ ਫਿਰ ਉਹ ਉਚੀ ਸੁਚੀ ਸੁਰਤੀ ਵਾਲਾ ਪੁਰਸ਼ ਕਿਹਾ ਜਾ ਸਕਦਾ ਹੈ। ਇਸ ਘਰ ਦੇ ਟਿਕਾਣੇ ਦਾ ਸਿਹਰਾ ਸੱਚੇ ਪਾਤਸਾਹ ਆਪ ਨਾ ਲਏ ਕਿ ਕਿਸੇ ਦੂਸਰੇ ਨੂੰ ਦੇਣਾ ਚਹੁੰਦੇ ਹਨ।

ਗੁਣ ਗੋਬਿੰਦ ਨ ਜਾਣੀਅਹਿ ਮਾਇ॥
ਅਣਡਿਠਾ ਕਿਛੁ ਕਹਣੁ ਨ ਜਾਇ॥
ਕਿਆ ਕਰਿ ਆਖਿ ਵਖਾਣੀਐ ਮਾਇ॥ ਅੰਕ1256 ॥

ਕਰਤਾ ਦੇ ਗੁਣਾਂ ਦਾ ਕੋਈ ਗਿਆਨ ਨਹੀਂ ਹੈ ਅਤੇ ਜੋ ਦੇਖਿਆ ਹੀ ਨਹੀਂ ਉਸ ਬਾਰੇ ਕੁਝ ਵੀ ਕਿਹਾ ਨਹੀਂ ਜਾ ਸਕਦਾ ਹੈ।

ਉਪਰਿ ਦਰਿ ਅਸਮਾਨ ਪਇਆਲ॥
ਕਿਉਕਰਿ ਕਹੀਐ ਦੇਹਿ ਵਿਚਾਰਿ॥ ਉਹੀ ॥

ਉਹ ਦਰਿ ਘਰ ਅਸਮਾਨ ਅੰਦਰ ਹੈ, ਆਪ ਹੀ ਸਮਝਾਉ ਕਿਵੇਂ ਕਿਹਾ ਜਾਇ। ਗੁਰੂ ਜੀ ਜਾਣਦੇ ਹਨ ਕਿ ਬਰਾਹਿਮੰਡ ਅਸੀਮਤ ਤੱਕ ਦਾ ਵਿਸਾਲ ਹੈ, ਫਿਰ ਉਸ ਸਥਾਨ ਦੀ ਨਿਸ਼ਾਨ ਦੇਹੀ ਕਿਵੇਂ ਕੀਤੀ ਜਾ ਸਕਦੀ ਹੈ। ਸਾਇੰਸ ਮਾਈ ਇਸ ਸਥਾਨ ਬਾਰੇ ਕੀ ਕਹਿੰਦੀ ਹੇ,ਜਾਣਦੇ ਹਾਂ।

It is believed by many that vast universe was ounce condensed into an ultra-dense, ultra-small YLEM-the primeval atom or primeval nucleus. { science Reporter January 1999 page 55}

ਕਈਆਂ ਦਾ ਇਹ ਵਿਚਾਰ ਹੈ ਕਿ ਅਸੀਮਤ ਵਿਸ਼ਵ {Universe} ਕਿਸੇ ਸਮੇਂ ਬਹੁਤ ਹੀ ਘਣਿਛਟ ਅਤੇ ਅਤਿਅੰਤ ਛੋਟਾ ਅਣੂ {YLEM} ਜਾਂ ਪਹਿਲਾ ਗਰਭਾਸ ਸੀ।

ਨਿਰਮਲੁ ਮੈਲਾ ਨਾ ਥੀਐ
ਸਬਦਿ ਰਤੈ ਪਤਿ ਹੋਇ ॥ ਅੰਗ 19 ॥

ਜੀਵ ਦਾ ਸੈਲ ਜਾਂ ਕੋਸ਼ ਪਵਿਤਰਤਾ ਦੀ ਪੱਧਤੀ ਦਾ ਨਿਰਮਲ ਹੈ, ਇਸ ਨੂੰ ਸੁਧ ਰੱਖਣ ਵਾਸਤੇ "ਪਰਮਾਤਮਾਂ ਦੇ ਨਾਮ ਅੰਦਰ ਰੱਤਿਆ ਹੀ ਕੋਈ ਇਹ ਕਰਮ ਕਰ {ਪਤਿ} ਸਕਦਾ ਹੈ।

ਸਾਡੇ ਮੂਲ ਸੈਲ ਦੇ ਕਰੋਮੋਸੋਮ ਦੀ ਹੱਦ {ਬਾਡਰ} ਪਰ ਇਕ ਸ਼ਕਤੀਸ਼ਾਲੀ ਅੰਜਾਇਮ {Enfyme} {protin} ਬੈਠਾਇਆ ਗਿਆ ਹੈ। ਜਦੋਂ ਵੀ ਕੋਈ ਮਲੀਨ ਸ਼ਕਤੀ ਸੈਲ ਪਰ ਧਾਵਾ ਬੋਲਦੀ ਹੈ, ਇਹ ਆਪਣੀ ਪੂਰੀ ਤੱਨਦੇਹੀ ਨਾਲ ਉਸਦਾ ਮੁਕਾਬਲਾ ਕਰ ਖਤਮ ਕਰ ਦਿੰਦਾ ਹੈ। ਇਹ ਹੀ "ਸਾਹਾਂ ਦੀ ਘੱੜੀ ਹੈ।" ਸਾਇੰਸ ਇਸ ਨੂੰ ਟੈਲੋਮਿਰੇਜ {Telomerase} ਕਹਿੰਦੀ ਹੈ। ਜਿਵੇਂ ਹੀ ਜੀਵ ਧਰਤੀ ਤੇ ਉਤਾਰਾ ਕਰਦਾ ਹੈ, ਇਸ ਦੀ ਟਿਕ ਟਿਕ ਛੁਰੂ ਹੋ,ਆਖਰੀ ਸਾਹ ਤੱਕ ਦੀ ਗਿਣਤੀ ਪੂਰੀ ਹੁੰਦਿਆਂ ਹੀ ਇਹ ਗਿਣਤੀ ਦੇ ਕਰਮ ਤੋਂ ਸੁਰਖਰੂ ਹੋ ਜਾਂਦੀ ਹੈ।

ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ॥
ਨਾਨਕ ਹੁਕਮੈ ਜੇ ਬੁਝੈ
ਹਉਮੈ ਕਹੈ ਨ ਕੋਇ ॥ ਅੰਗ 1 ॥

Nature does not show us any isolated basic building blocks, but rather appears as a complicated web of relations between the various parts of the whole. {Tao of the physics, page 68}

ਕੁਦਰਤ {ਰਚਨਾਂ} ਦੇ ਵੱਖਰੇ ਵੱਖਰੇ ਬਣਤਰ ਦੇ ਅੰਗ ਨਹੀਂ ਪੇਛ ਕਰਦੀ ਹੈ, ਸਗੋਂ ਇਕ ਗੁੰਜਲਦਾਰ ਰਿਸ਼ਤਾ ਸਾਰਿਆਂ ਅੰਗਾਂ ਨੂੰ ਇਕ ਦੂਸਰੇ ਨਾਲ ਸਬੰਧਤ ਦੇ ਰੂਪ ਵਿਚ ਪੇਛ ਕਰਦੀ ਹੈ।

ਪੂਰੇ ਕਾ ਕੀਆ ਸਭ ਕਿਛੁ ਪੂਰਾ॥
ਘਟਿ ਵਧਿ ਕਿਛੁ ਨਾਹੀ ॥
ਨਾਂਨਕ ਗੁਰਮੁਖਿ ਐਸਾ ਜਾਣੈ
ਪੂਰੇ ਮਾਹਿ ਸਮਾਹੀ ॥ ਅੰਗ 1412 ॥

## ਸਾਂਝੀਵਾਲਤਾ ਦਾ ਪ੍ਰਤੀਕ ਵਿਸ਼ਵ ਭਰ 'ਚ ਮਨਾਇਆ ਜਾਂਦਾ ਹੈ

# ਕ੍ਰਿਸਮਿਸ ਉਤਸਵ



ਵਿਸ਼ਵ ਭਰ ਵਿਚ ਧੂਮ-ਧਾਮ ਅਤੇ ਸ਼ਰਧਾ ਪੂਰਵਕ ਵਿਸ਼ਵਾਸ਼ ਨਾਲ ਮਨਾਇਆ ਜਾਂਦਾ ਹੈ ਕ੍ਰਿਸਮਿਸ ਉਤਸਵ। ਕ੍ਰਿਸਮਿਸ ਇਕ ਸਾਲਾਨਾ ਪਰੰਪਵਾਦੀ ਉਤਸਵ ਹੈ ਜੋ ਯਿਸੂ ਮਸੀਹ ਦੇ ਜਨਮ ਦੇ ਉਪਲਕਸ਼ ਵਿਚ ਮਨਾਇਆ ਜਾਂਦਾ ਹੈ। ਦੁਨੀਆਂ ਭਰ ਦੇ ਅਰਬਾਂ ਲੋਕਾਂ ਦੇ ਵਿਚ ਇਕ ਧਾਰਮਿਕ ਆਸਥਾ ਪੂਰਵਕ, ਸਾਂਝੀਵਾਲਤਾ ਦਾ ਸਨੇਹੀ ਅਤੇ ਪਰੰਪਰਾਗਤ ਸਭਿਆਚਾਰਕ ਉਤਸਵ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਦੇ ਲਈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਈਸ਼ਵਰ ਮਾਨਵ ਦੇ ਰੂਪ ਵਿਚ ਆਏ, ਮਾਨਵਤਾ ਦੇ ਪਾਪਾਂ ਨੂੰ ਬਖ਼ਸ਼ਣ ਦੇ ਲਈ, ਯਿਸੂ ਦਾ ਸਹੀ ਜਨਮ ਤਾਰੀਖ਼ ਜਾਨਣ ਦੀ ਬਜਾਏ ਕ੍ਰਿਸਮਿਸ ਮਨਾਉਣ ਦਾ ਇਕ ਖ਼ੁਬਸੂਰਤ ਮਾਨਵਤਾਵਾਦੀ ਪ੍ਰਾਥਮਿਕ ਉਦੇਸ਼ ਮੰਨਿਆ ਜਾਂਦਾ ਹੈ। ਮੁੱਖ ਰੂਪ ਵਿਚ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਾਈ ਭਾਈਚਾਰੇ ਵਿਚ ਇਕ ਧਾਰਮਿਕ ਸਾਲ ਲਈ ਇਕੱਠ ਭੋਜਨ ਦਾ ਉਤਸਵ ਵੀ ਹੁੰਦਾ ਹੈ। ਭਰ ਸਰਦੀਆਂ ਦੇ ਮੌਸਮ ਵਿਚ ਸੰਯੁਕਤ ਭਾਈਚਾਰੇ ਦਾ ਇਕ ਅੰਤਰ ਦ੍ਰਿਸ਼ਟੀ ਅਤੇ ਅਲੌਕਿਕ ਸੰਦੇਸ਼ ਮਿਲਦਾ ਹੈ। ਕਰਾਈਸਟ ਮਾਸਟਾਈਡ ਦੇ ਮੌਸਮ ਦੀ ਸ਼ੁਰੂਆਤ ਕਰਦਾ ਹੈ। ਜੋ ਇਤਿਹਾਸਕ ਰੂਪ ਵਿਚ ਪੱਛਮ ਵਿਚ ਬਾਰ੍ਹਾਂ ਦਿਨਾਂ ਤਕ ਚਲਦਾ ਹੈ ਅਤੇ ਬਾਹਰਵੀਂ ਰਾਤ ਨੂੰ ਸਮਾਪਤ ਹੁੰਦਾ ਹੈ। ਕ੍ਰਿਸਮਿਸ ਦਿਵਸ ਕਈ ਦੇਸ਼ਾਂ ਵਿਚ ਸਮੂਹਿਕ ਛੁੱਟੀ ਅਵਕਾਸ ਦਾ ਪ੍ਰਤੀਕ ਵੀ ਹੈ। ਬਹੁਤਾਤ ਰੂਪ ਵਿਚ ਇਸਾਈ ਭਾਈਚਾਰੇ ਦੁਆਰਾ ਧਾਰਮਿਕ ਰੂਪ ਵਿਚ ਮਨਾਇਆ ਜਾਂਦਾ ਹੈ। ਇਹ ਉਤਸਵ ਗ਼ੈਰ ਇਸਾਈ ਭਾਈਚਾਰੇ ਤੋਂ ਇਲਾਵਾ ਛੁੱਟੀਆਂ ਦਾ ਆਨੰਦ ਮਾਨਣ ਲਈ ਹੋਰ ਧਰਮਾਂ ਦੇ ਲੋਕ ਵੀ ਮਨੋਰੰਜਨ ਅਤੇ ਦੋਸਤਾਨਾਂ ਸੰਬੰਧਾਂ ਵਿਚ ਮਿਠਾਸ, ਅਪਣਾਮਨ, ਆਤਮ ਸਜਗਤਾ, ਸਾਮਾਜਿਕ ਚੇਤਨਾ, ਵਿਸ਼ਵ ਮਾਨਤਾਵਾਦੀ ਮਾਨਵ ਪ੍ਰਤੀ ਅਟੁੱਟ ਆਸਥਾ ਦੇ ਨਾਲ-ਨਾਲ ਬੱਚਿਆਂ ਸਮੇਤ ਅਨੇਕ ਮਨੋਰੰਜ਼ਨ ਦੀਆਂ ਕਿਰਿਆਵਾਂ ਵਿਚ ਖੁਸ਼ੀ, ਉਮੰਗ, ਸ਼ਰਧਾ ਤੇ ਸਹਾਨਭੂਤੀ ਪਰਿਪਕਤਾ ਭਰਦੇ ਹੋਏ ਮਨਾਉਂਦੇ ਹਨ। ਪ੍ਰਭੂ ਈਸਾ ਮਸੀਹ ਨੂੰ ਯਾਦ ਕਰੀਏ ਤਾਂ ਇਸਾਈ ਭਾਈਚਾਰਾ ਉਨ੍ਹਾਂ ਨੂੰ ਈਸ਼ਵਰ ਦਾ ਪੁੱਤਰ ਮੰਨਦੇ ਹਨ। ਕ੍ਰਿਸਮਿਸ ਦਾ ਨਾਂਅ ਮਾਸ ਆਫ ਕਰਾਈਸਟ (ਜਾਂ ਜੀਸਸ) ਤੋਂ ਆਇਆ ਹੈ। ਇਸਾਈ ਭਾਈਚਾਰੇ ਦੀ ਠੋਸ ਪਰੰਪਰਾ ਅਤੇ ਵਿਸ਼ਵਾਸ ਹੈ ਕਿ ਯਿਸੂ ਸਾਡੇ ਲਈ ਮਰੇ ਅਤੇ ਫਿਰ ਜੀਵਿਤ ਹੋ ਗਏ। ਪਰੰਪਰਾ ਹੈ ਕਿ ਸੂਰਜ ਡੁਬਣ ਅਤੇ ਅਗਲੇ ਦਿਨ ਸੂਰਜ ਚੜ੍ਹਣ ਤੋਂ ਪਹਿਲਾਂ ਦੇ ਆਗਮਨ ਨੂੰ ਮੱਧ ਰਾਤਰੀ ਨੂੰ ਜੀਵਨ ਰੱਖਣ ਲਈ ਕਰਾਈਸਟ ਮਾਸ ਦਾ ਨਾਮ ਮਿਲਦਾ ਹੈ। ਜਿਸ ਨੂੰ ਛੋਟਾ ਕਰਕੇ ਕ੍ਰਿਸਮਿਸ ਦਾ ਰੂਪ ਕਰ ਦਿੱਤਾ ਗਿਆ। ਕ੍ਰਿਸਮਿਸ ਅਜ ਕਲ ਦੁਨੀਆਂ ਭਰ ਦੇ ਲੋਕਾਂ ਵਿਚ ਮਨਾਇਆ ਜਾਂਦਾ ਹੈ, ਚਾਹੇ ਕੋਈ ਇਸਾਈ ਹੈ ਜਾਂ ਨਹੀਂ। ਇਸ ਸਮੇਂ ਪਰਿਵਾਰ ਅਤੇ ਦੋਸਤ ਪਰਿਵਾਰ ਨਾਲ ਮਿਲ ਕੇ ਸੰਯੁਕਤ ਭੋਜਨ ਇਸ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਣ, ਮਿਸ਼ਠਾਣ ਅਤੇ ਤੋਹਫਿਆਂ ਦਾ ਆਦਾਨ-ਪ੍ਰਦਾਨ ਖ਼ੁਸ਼ੀ ਪੂਰਵਕ ਹੁੰਦਾ ਹੈ। ਭਾਵ ਕਿ ਇਸ ਪਰੰਪਰਾ ਦਾ ਸੰਦੇਸ਼ ਹੈ, ਖ਼ੂਬਸੂਰਤ ਆਦਾਨ-ਪ੍ਰਦਾਨ ਹੀ ਸੁਚੱਜਾ ਸੰਸਾਰ ਸਿਰਜ ਸਕਦਾ ਹੈ। ਲੋਕਾਂ ਵਿਚ ਸਰਦੀਆਂ ਦੇ ਹਨੇਰੇ ਵਿਚ ਸੂਰਜ ਦੀ ਜਿੱਤ ਦਾ ਜਸ਼ਨ-ਉਤਸਵ ਹਰਸ਼ੋਉਲਾਸ ਨਾਲ ਮਨਾਇਆ ਜਾਂਦਾ ਹੈ। ਇਹ ਇਕ ਮੱਧ ਸਰਦੀਆਂ ਦਾ ਸਾਂਝੀਵਾਲਤਾ ਨਾਲ ਉਤਪ੍ਰੋਤ ਇਨਸਾਨੀ ਕਦਰਾਂ ਕੀਮਤਾਂ ਦਾ ਤਿਉਹਾਰ ਹੈ। ਇਸਾਈ ਭਾਈਚਾਰੇ ਦਾ ਵਿਸ਼ਵਾਸ ਹੈ ਕਿ ਯਿਸੂ ਹੀ ਜਗਤ ਦਾ ਪ੍ਰਕਾਸ਼ ਹੈ। ਵੇਖਿਆ ਜਾਂ ਪੜ੍ਹਣ ਮੰਥਣ ਕੀਤਾ ਜਾਵੇ ਤਾਂ ਕ੍ਰਿਸਮਿਸ ਪਰੰਪਰਾਵਾਂ ਦੀਆਂ ਖ਼ੁਬਸੂਰਤ ਗੁੜਤਾਵਾਂ ਵਿਚ ਡੁੱਬਿਆ ਹੋਇਆ ਇਨਸਾਨੀ ਕਦਰਾਂ ਕੀਮਤਾਂ ਵਾਲਾ ਇਕ ਲੰਬਾ ਇਤਿਹਾਸ ਹੈ। ਅਜ ਕਲ ਇਸ ਉਤਸਵ ਨੂੰ ਮੁੱਖ ਰੂਪ ਵਿਚ ਲਾਲ ਰੰਗ ਦੇ ਹੱਸ ਮੁੱਖ ਵਿਅਕਤੀ ਤੇ ਰੂਪ ਵਿਚ ਅਲੰਕਾਰਿਤ ਕੀਤਾ ਜਾਂਦਾ ਹੈ, ਜੋ ਕ੍ਰਿਸਮਿਸ ਦੀ ਪੂਰਵ ਸੰਧਿਆ ਤੋਂ ਲੜਕੇ ਅਤੇ ਲੜਕੀਆਂ ਲਈ ਖਿਡੌਣੇ ਲੈ ਕੇ ਆਉਂਦਾ ਹੈ।

ਜਦੋਂ ਸੰਤ ਨਿਕੋਲਸ ਧਰਤੀ ਉਪਰ ਚੱਲੇ ਅਤੇ ਉਨ੍ਹਾਂ ਦੀ ਹਿਫ਼ਾਜਿਤ ਲਈ ਸੰਤ ਬਣੇ। ਇਸ ਲਈ ਅਜ ਵੀ ਬੱਚਿਆਂ ਦੇ ਮਹਾਨ ਰਕਸ਼ਕ ਸੰਤ ਜੋ ਸਾਂਤਾ ਦੇ ਰੂਪ ਵੀ ਨਜ਼ਰ ਆਉਂਦੇ ਹਨ। ਫਿਰ ਸਾਂਤਾ ਮਹਾਂਪੁਰਸ਼ ਇਕ ਕਾਲਪ ਨਿਕ ਪ੍ਰਾਣੀ ਜਿੰਨ੍ਹਾਂ ਦੇ ਬਾਰੇ ਸੋਚਿਆ ਜਾਂਦਾ ਹੈ ਕਿ ਉਹ ਕ੍ਰਿਸਮਿਸ ਦੇ ਉਤਸਵ ਦੇ ਸਮੇਂ ਬੱਚਿਆਂ ਲਈ ਉਪਹਾਰ ਲਿਆਉਂਦੇ ਹਨ। ਬੱਚੇ ਉਮੰਗ ਤਰੰਗ ਅਤੇ ਮਨੋਰੰਜ਼ਨ ਦੀ ਭਾਵਨਾ ਨਾਲ ਉਨ੍ਹਾਂ ਦੇ ਨਾਲ ਫ਼ੋਟੋ ਖਿਚਵਾ ਕੇ ਖ਼ੁਸ਼ੀ ਮਹਿਸੂਸ ਕਰਦੇ ਹਨ। ਅਨੇਕਾਂ ਬੱਚੇ ਹਰ ਸਾਲ ਕ੍ਰਿਸਮਿਸ ਦੀ ਉਡੀਕ ਵਿਚ ਲਾਲਾਇਕ ਅਤੇ ਉਤਸੁਕਤਾ ਪੂਰਵਕ ਜਗਿਆਸਾ ਨਾਲ ਕ੍ਰਿਸਮਿਸ ਦੀ ਪੂਰਵ ਸੰਧਿਆ ਦਾ ਇੰਤਜ਼ਾਰ ਕਰਦੇ ਹਨ। ਇਸ ਉਤਸਵ ਦੇ ਸੰਦਰਭ ਵਿਚ ਵੱਖ-ਵੱਖ ਜਥੇਬੰਦੀਆਂ, ਸਭਾਵਾਂ, ਕਲਾਕਾਰ, ਗਾਇਕ, ਆਰਟਿਸਟ, ਡਿਜ਼ਾਈਨਰ, ਖੇਡ ਜਥੇਬੰਦੀਆਂ, ਖੇਡ ਵਿਭਾਗ ਅਤੇ ਅਨੇਕਾਂ ਹੀ ਸੰਸਥਾਵਾਂ ਸਿਰਜਨਾਤਮਿਕ ਸਸਤੇ ਕਾਰਜ ਤੇ ਕਿਰਿਆਵਾਂ ਕਰਦੇ ਹਨ ਤਾਂ ਜੋ ਲੋਕਾਂ ਦਾ ਵੱਧ ਤੋਂ ਵੱਧ ਮਨੋਰੰਜ਼ਨ ਹੋ ਸਕੇ। ਆਤਮ ਤੁਸ਼ਟੀ ਅਤੇ ਭੌਤਿਕ-ਸੰਸਾਰੀ ਰੂਪ ਸੁੱਖਾਂ ਦਾ ਆਨੰਦ ਲੈ ਸਕਣ। ਵੇਖਿਆ ਜਾਵੇ ਤਾਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦਾ ਸੰਗ੍ਰਹਿ ਹੀ ਜੀਵਨ ਹੈ। ਇਸ ਉਤਸਵ ਵਿਚ ਛੋਟੀਆਂ-ਛੋਟੀਆਂ ਖ਼ੁਸ਼ੀਆਂ ਸਿਰੋ ਦਿੱਤੀਆਂ ਜਾਂਦੀਆਂ ਹਨ। ਇਸ ਦਿਨ ਬੱਚਿਆਂ ਲਈ ਤਰ੍ਹਾਂ-ਤਰ੍ਹਾਂ ਦੇ ਪੰਘੂੜੇ, ਬਿਜਲੀ ਉਪਕਰਣ ਖਿਡੌਣੈ, ਝੂਲੇ, ਪੇ-ਟਿੰਗਸ ਮੁਕਾਬਲੇ, ਤਰ੍ਹਾਂ-ਤਰ੍ਹਾਂ ਦੇ ਨ੍ਰਿਤ-ਡਾਂਸ, ਸਾਜ-ਸਜਾਵਟ ਦੇ ਨਾਲ-ਨਾਲ ਇਕ ਅਲੌਕਿਕ ਅਤੇ ਲੋਕਿਕ ਚਮਕਦਾਰ ਰੌਸ਼ਨੀਆਂ ਦੇ ਪ੍ਰਕਾਸ਼ ਦਾ ਗਗਨ ਚੁੰਬੀ ਨਜ਼ਾਰਾ ਕਿਸੇ ਜੰਨਤ ਦਾ ਸਾਰਥਕ ਰੂਪ ਹੋ ਨਿਬੜਦਾ ਹੈ। ਤਰ੍ਹਾਂ-ਤਰ੍ਹਾਂ ਦੀ ਅਦੁਭੁਤ, ਰੰਗੀਨ, ਫਬੀਲੀ ਮਨਮੋਹਿਦੀ, ਸੁੰਦਰਤਾ ਦੀ ਸ਼ੈਲੀ ਅਤੇ ਸ਼ਿਲਪ ਵਿਚ ਲੈਂਡ ਸਕੇਪਿੰਗ ਜੰਨਤ ਦੀ ਪਰਾਏਵਾਚੀ ਹੋ ਜਾਂਦੀ ਹੈ। ਕਣ-ਕਣ ਵਿਚ ਪ੍ਰਭੂ ਯਿਸੂ ਦੀ ਮਹਿਮਾ ਦਾ ਨਜ਼ਾਰਾਂ ਨਜ਼ਰ ਆਉਂਦਾ ਹੈ। ਰੰਗਾਂ, ਢੰਗਾਂ, ਸੰਗਾਂ, ਉਮੰਗਾਂ, ਲਲਕ, ਲਪਕ ਦੇ ਸਮੋਹਿਕ ਦ੍ਰਿਸ਼ਾਂ ਵਿਚ ਚਾਰੇ ਪਾਸੇ ਪ੍ਰਭੂ ਯਿਸੂ ਦਾ ਗੁਣਗਾਣ ਅਤੇ ਉਸਤਿਤ ਵਿਚ ਸਮਾਜਿਕ ਪ੍ਰਭੂਤਾ ਦੇ ਬੋਧ ਵਿਚ ਇਕ ਪਰੰਪਰਾ ਨੂੰ ਸਾਕਾਰ ਰੂਪ ਹੋ ਜਾਂਦਾ ਹੈ। ਆਉ ਰਲ ਮਿਲ ਸਭ ਸਾਂਝੀਵਾਲਤਾ ਵਿਚ ਕ੍ਰਿਸਮਿਸ ਉਤਸਵ ਮਨਾਈਏ।

-ਬਲਵਿੰਦਰ ਬਾਲਮ ਗੁਰਦਾਸਪੁਰ, ਐਡਮਿੰਟਨ ਕਨੇਡਾ
9815625409

## 'ਬੰਦੇ'

ਲੋਕੋ ! ਇਹ ਕੀ ਕਰਦੇ ਬੰਦੇ,
ਆਪਸ ਵਿਚ ਲੜ ਮਰਦੇ ਬੰਦੇ।

ਮੇਰਾ ਮੰਦਰ, ਮੇਰੀ ਮਸਜਿਦ,
ਕੀ ਕਰਦੇ ਇਹ 'ਘਰ' ਦੇ ਬੰਦੇ?

ਝੰਡੇ 'ਜਿੱਤ' ਦੇ ਜਾਣ ਝੁਲਾਈ,
ਜਿੱਤ ਕੇ ਵੀ ਇਹ ਹਰਦੇ ਬੰਦੇ।

ਡੁੱਬ ਜਾਣ ਲਈ ਥਾਂ ਨਾ ਲੱਭੇ,
ਕਿਹੜੇ 'ਸਾਗਰ' ਤਰਦੇ ਬੰਦੇ?

ਆਕਾਵਾਂ ਨੂੰ ਖੁਸ਼ ਪਏ ਕਰਦੇ,
ਨਿੱਤ ਹਾਜ਼ਰੀ ਭਰਦੇ ਬੰਦੇ।

ਆਪਣਾ ਕੰਮ ਕਰੀ ਜਾਂਦੇ ਨੇ,
ਲੋਕ ਕਿਵੇਂ 'ਝੰਡ' ਜਰਦੇ 'ਬੰਦੇ'?



ਡਾ.ਸੁਖਦੇਵ ਸਿੰਘ ਝੰਡ
647-567-9128







# ਕੌਣ ਸੀ ਸ਼ਾਹ ਮੁਹੰਮਦ ਦੇ ਜੰਗਨਾਮਾ ਵਿੱਚ ਵਰਣਿਤ ਪਹਾੜਾ ਸਿੰਘ?



ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ, ਸਿੰਘਾਂ ਨਾਲ ਸੀ ਉਸ ਦੀ ਗੈਰਸਾਲੀ (ਦੁਸ਼ਮਣੀ)। ਉਹ ਤਾਂ ਭੱਜ ਕੇ ਲਾਟ ਨੂੰ ਜਾਇ ਮਿਲਿਆ, ਗੱਲ ਜਾਇ ਦੱਸੀ ਸਾਰੀ ਭੇਤ ਵਾਲੀ। ਉਥੋਂ ਹੋ ਗਿਆ ਹਰਨ ਹੈ ਖਾਲਸਾ ਜੀ, ਚੌਦਾਂ ਹੱਥਾਂ ਦੀ ਮਾਰ ਕੇ ਮਿਰਗ ਛਾਲੀ। ਸ਼ਾਹ ਮੁਹੰਮਦਾ ਸਾਂਭ ਲੈ ਸਿਲੇ ਖਾਨੇ (ਅਸਲ੍ਹਾ ਭੰਡਾਰ), ਛੱਡ ਗਏ ਨੇ ਸਿੰਘ ਮੈਦਾਨ ਖਾਲੀ। ਪਹਿਲੀ ਐਂਗਲੋ ਸਿੱਖ ਜੰਗ ਸੰਨ 13 ਦਸੰਬਰ 1845 ਈਸਵੀ ਤੋਂ ਲੈ ਕੇ 10 ਫਰਵਰੀ 1846 ਤੱਕ ਹੋਈ ਸੀ। 18 ਦਸੰਬਰ ਮੁਦਕੀ, 21 ਦਸੰਬਰ ਫਿਰੋਜ਼ ਸ਼ਾਹ, 28 ਜਨਵਰੀ ਆਲੀਵਾਲ ਅਤੇ ਆਖਰੀ ਜੰਗ ਮੁਦਕੀ ਪਿੰਡ ਵਿਖੇ 10 ਫਰਵਰੀ 1846 ਈਸਵੀ ਨੂੰ ਹੋਈ ਸੀ। ਆਪਣੇ ਜਰਨੈਲਾਂ ਤੇਜ ਸਿੰਘ ਅਤੇ ਲਾਲ ਸਿੰਘ ਦੀ ਗੱਦਾਰੀ ਦੇ ਕਾਰਨ ਸਿੱਖ ਫੌਜ ਹਾਰ ਗਈ ਤੇ ਪੰਜਾਬ 'ਤੇ ਅੰਗਰੇਜ਼ਾਂ ਦੇ ਮੁਕੰਮਲ ਕਬਜ਼ੇ ਦਾ ਰਾਹ ਪੱਧਰਾ ਹੋ ਗਿਆ। ਸੰਨ 1809 ਈਸਵੀ ਵਿੱਚ ਮਾਲਵੇ ਦੀਆਂ ਸਿੱਖ ਰਿਆਸਤਾਂ ਪਟਿਆਲਾ, ਨਾਭਾ, ਜੀਂਦ ਅਤੇ ਫਰੀਦਕੋਟ ਨੇ ਅੰਗਰੇਜ਼ਾਂ ਦੀ ਅਧੀਨਗੀ ਸਵੀਕਾਰ ਕਰ ਲਈ ਸੀ ਜਿਸ ਕਾਰਨ ਫਰੀਦਕੋਟ ਦਾ ਰਾਜਾ ਪਹਾੜਾ ਸਿੰਘ ਲਾਹੌਰ ਦਰਬਾਰ ਦੇ ਖਿਲਾਫ ਅੰਗਰੇਜ਼ਾਂ ਦੀ ਮਦਦ ਕਰਨ ਲਈ ਇਨ੍ਹਾਂ ਜੰਗਾਂ ਵਿੱਚ ਹਾਜ਼ਰ ਸੀ। ਸ਼ਾਹ ਮੁਹੰਮਦ ਵੱਲੋਂ ਲਿਖੀ ਗਈ ਘਟਨਾ ਫਿਰੋਜ਼ ਸ਼ਾਹ ਦੀ ਜੰਗ ਵੇਲੇ ਹੋਈ ਸੀ। ਮੁਦਕੀ ਦੀ ਹਾਰ ਦਾ ਸਿੱਖ ਫੌਜ ਦੇ ਮਨਾਂ ਵਿੱਚ ਬਹੁਤ ਰੋਸ ਅਤੇ ਗੁੱਸਾ ਸੀ। ਆਪਣੇ ਜਰਨੈਲਾਂ ਦੀ ਗੱਦਾਰੀ ਤੋਂ ਦੁਖੀ ਸਿੱਖ ਫੌਜ ਫਿਰੋਜ਼ਪੁਰ ਸ਼ਹਿਰ ਤੋਂ 16 ਕਿ.ਮੀ. ਦੂਰ ਫਿਰੋਜ਼ ਸ਼ਾਹ ਪਿੰਡ ਵਿਖੇ ਦੋਬਾਰਾ ਸੰਗਠਿਤ ਹੋ ਗਈ। ਅੰਗਰੇਜ ਫੌਜ ਸੈਨਾਪਤੀ ਸਰ ਹਿਊ ਗਫ ਅਤੇ ਗਵਰਨਰ ਜਨਰਲ ਸਰ ਹੈਨਰੀ ਹਾਰਡਿੰਗ ਦੀ ਕਮਾਨ ਹੇਠ ਲੜ ਰਹੀ ਸੀ। ਦਿੱਲੀ ਤੋਂ ਸੱਜਰ ਸਾਹ ਫੌਜ ਦੇ ਪਹੁੰਚ ਜਾਣ ਕਾਰਨ 21 ਦਸੰਬਰ ਨੂੰ ਤੜ੍ਹਕੇ ਹੀ ਲਾਰਡ ਗਫ ਨੇ ਸਿੱਖ ਫੌਜ 'ਤੇ ਬੜਾ ਕਹਿਰੀ ਹਮਲਾ ਕੀਤਾ। ਪਰ ਤਿਆਰ ਬਰ ਤਿਆਰ ਬੈਠੇ ਖਾਲਸਾ ਤੋਪਚੀਆਂ ਦੀ ਭਿਆਨਕ ਤੇ ਸਟੀਕ ਗੋਲਾਬਾਰੀ ਨੇ ਅੰਗਰੇਜਾਂ ਦਾ ਸਖਤ ਨੁਕਸਾਨ ਕੀਤਾ। ਪੈਦਲ ਸਿੱਖ ਫੌਜ ਵੀ ਅੰਗਰੇਜਾਂ 'ਤੇ ਟੁੱਟ ਪਈ ਤੇ ਉਨ੍ਹਾਂ ਦੇ ਪੈਰ ਉਖਾੜ ਦਿੱਤੇ। ਇੱਕ ਵਾਰ ਤਾਂ ਲੱਗਣ ਲੱਗ ਪਿਆ ਸੀ ਕਿ ਅੰਗਰੇਜ ਫੌਜ ਭੱਜੀ ਕਿ ਭੱਜੀ। ਪਰ ਇਥੇ ਵੀ ਲਾਲ ਸਿੰਘ ਅੰਗਰੇਜ਼ਾਂ ਲਈ ਮਸੀਹਾ ਬਣ ਕੇ ਬਹੁੜਿਆ। ਉਸ ਨੇ ਦੁਸ਼ਮਣਾਂ ਲਈ ਭੈਅ ਦਾ ਪ੍ਰਤੀਕ ਬਣ ਚੁੱਕੇ ਘੋੜ ਸਵਾਰ ਦਸਤਿਆਂ ਨੂੰ ਜੰਗ ਵਿੱਚ ਹਿੱਸਾ ਨਾ ਲੈਣ ਦਿੱਤਾ ਤੇ ਅਰਾਮ ਨਾਲ ਇੱਕ ਪਾਸੇ ਖੜ੍ਹਾ ਤਮਾਸ਼ਾ ਵੇਖਦਾ ਰਿਹਾ। ਗਹਿ ਗੱਚ ਲੜਾਈ ਵਿੱਚ ਕਿਸੇ ਪਾਸੇ ਵੱਲ ਝੋਕ ਨਾ ਵੱਜੀ ਦੇ ਹੌਲੀ ਹੌਲੀ ਦਿਨ ਰਾਤ ਵਿੱਚ ਤਬਦੀਲ ਹੋ ਗਿਆ। ਦੋਵੇਂ ਫੌਜਾਂ ਲਗਾਤਾਰ 8 ਘੰਟਿਆਂ ਤੋਂ ਲੜ ਰਹੀਆਂ ਸਨ ਕਿ ਰਾਤ ਦੇ ਹਨੇਰੇ ਦਾ ਫਾਇਦਾ ਉਠਾ ਕੇ ਲਾਰਡ ਗਫ ਦੀਆਂ ਕੁਝ ਪਲਟਣਾਂ ਚੁੱਪ ਚੁਪੀਤੇ ਸਿੱਖ ਫੌਜ ਵਿੱਚ ਘੁਸ ਗਈਆਂ। ਪਰ ਕੁਦਰਤੀ ਬਾਰੂਦ ਨੂੰ ਅੱਗ ਲੱਗ ਜਾਣ ਕਾਰਨ ਹੋਏ ਚਾਨਣ ਵਿੱਚ ਉਹ ਸਿੱਖਾਂ ਦੀ ਨਜ਼ਰ ਚੜ੍ਹ ਗਏ ਤੇ ਤਕਰੀਬਨ ਸਾਰੇ ਹੀ ਮਾਰੇ ਗਏ ਤੇ ਅੰਗਰੇਜ ਫੌਜ ਨੂੰ ਪਿੱਛੇ ਧੱਕ ਦਿੱਤਾ ਗਿਆ। ਲਾਰਡ ਗਫ ਨੇ ਆਪ ਮੰਨਿਆਂ ਸੀ ਕਿ ਅੰਗਰੇਜਾਂ ਦੀ ਹਾਲਤ ਬਹੁਤ ਹੀ ਨਾਜ਼ਕ ਸੀ। ਜੰਗ ਵਿੱਚ ਹਾਜ਼ਰ ਜਨਰਲ ਆਈਸੋਪ ਗਰਾਂਟ ਨੇ ਲਿਖਿਆ ਹੈ ਕਿ ਲਾਰਡ ਹਾਰਡਿੰਗ ਨੂੰ ਡਰ ਸੀ ਕਿ ਅਗਲੇ ਦਿਨ ਹਥਿਆਰ ਸੁੱਟਣੇ ਪੈਣਗੇ। ਉਸ ਨੇ ਸਾਰੇ ਅਹਿਮ ਸਰਕਾਰੀ ਕਾਗਜ਼ਾਤ ਸਾੜ ਦਿੱਤੇ ਤੇ ਮਹਾਰਾਣੀ ਵਿਕਟੋਰੀਆ ਵੱਲੋਂ ਇਨਾਮ ਵਜੋਂ ਦਿੱਤੀ ਗਈ ਨੈਪੋਲੀਅਨ ਦੀ ਤਲਵਾਰ ਅਤੇ ਮੈਡਲ ਆਪਣੇ ਪੁੱਤਰ ਨੂੰ ਦੇ ਕੇ ਫਿਰੋਜ਼ਪੁਰ ਵੱਲ ਭਜਾ ਦਿੱਤਾ। ਪਰ ਲਾਲ ਸਿੰਘ ਨੇ ਹਮਲਾ ਕੀ ਕਰਨਾ ਸੀ, ਉਹ ਤਾਂ ਸਗੋਂ ਰਾਤ ਦੇ ਹਨੇਰੇ ਵਿੱਚ ਮੈਦਾਨ ਛੱਡ ਕੇ ਭੱਜ ਗਿਆ। ਇਹ ਖਬਰ ਪਹਾੜਾ ਸਿੰਘ ਦੇ ਸੂਹੀਆਂ (ਜੋ ਸਿੱਖ ਹੋਣ ਦਾ ਫਾਇਦਾ ਉਠਾ ਕੇ ਖਾਲਸਾ ਫੌਜ ਵਿੱਚ ਰਲੇ ਹੋਏ ਸਨ) ਨੇ ਉਸ ਤੱਕ ਪਹੁੰਚਾਈ ਜੋ ਉਸ ਨੇ ਲਾਰਡ ਹਾਰਡਿੰਗ ਨੂੰ ਦੇ ਦਿੱਤੀ। ਇਸ ਖਬਰ ਕਾਰਨ ਲਾਰਡ ਹਾਰਡਿੰਗ ਅਤੇ ਲਾਰਡ ਗਫ ਨੂੰ ਕੁਝ ਹੌਂਸਲਾ ਮਿਲਿਆ ਤੇ ਅਗਲੇ ਦਿਨ ਬੰਗਾਲੀ ਅਤੇ ਅੰਗਰੇਜ ਪਲਟਣਾਂ ਨੇ ਸਿੱਖ ਫੌਜ ਨੂੰ ਮੋਰਚਿਆਂ ਤੋਂ ਖਦੇੜ ਦਿੱਤਾ। ਉਸੇ ਸਮੇ ਤੇਜ ਸਿੰਘ ਸੱਜਰ ਸਾਹ ਫੌਜ ਲੈ ਕੇ ਪਹੁੰਚ ਗਿਆ। ਗਫ ਦੀ ਥੱਕੀ ਹੋਈ ਫੌਜ ਨੂੰ ਅੱਖਾਂ ਸਾਹਮਣੇ ਮੌਤ ਦਿਖਾਈ ਦੇਣ ਲੱਗ ਪਈ। ਪਰ ਤੇਜ ਸਿੰਘ ਵੀ ਬਿਨਾਂ ਕਿਸੇ ਕਾਰਨ ਜਿੱਤੀ ਹੋਈ ਲੜਾਈ ਛੱਡ ਕੇ ਮੈਦਾਨ ਵਿੱਚੋਂ ਨੱਸ ਗਿਆ। ਉਸ ਨੇ ਬਹਾਨਾ ਬਣਾਇਆ ਕਿ ਅੰਗਰੇਜ ਪਿੱਛੇ ਨਹੀਂ ਹਟ ਰਹੇ ਸਨ, ਸਗੋਂ ਸਿੱਖ ਫੌਜ ਨੂੰ ਨਸ਼ਟ ਕਰਨ ਲਈ ਇਹ ਇੱਕ ਜੰਗੀ ਚਾਲ ਸੀ। ਪਰ ਅੰਗਰੇਜਾਂ ਨੂੰ ਜਿੱਤ ਬਹੁਤ ਮਹਿੰਗੀ ਪਈ। ਭਾਰਤ ਵਿਖੇ ਪਹਿਲੀ ਵਾਰ ਕਿਸੇ ਜੰਗ ਵਿੱਚ ਉਨ੍ਹਾਂ ਦੇ 1560 ਜਵਾਨ ਅਤੇ ਅਫਸਰ ਮਾਰੇ ਗਏ ਤੇ 1721 ਜ਼ਖਮੀ ਹੋਏ। ਸਿੱਖ ਫੌਜ ਦੇ ਵੀ 2000 ਅਫਸਰ ਤੇ ਜਵਾਨ ਮਾਰੇ ਗਏ ਤੇ 73 ਤੋਪਾਂ ਦੁਸ਼ਮਣ ਨੇ ਖੋਹ ਲਈਆਂ।

ਪਹਾੜਾ ਸਿੰਘ ਫਰੀਦਕੋਟ ਰਿਆਸਤ ਦਾ 7ਵਾਂ ਰਾਜਾ ਸੀ ਤੇ ਉਸ ਨੇ ਰਾਜਾ ਅਤਰ ਸਿੰਘ ਦੇ ਮਰਨ ਤੋਂ ਬਾਅਦ 1827 ਤੋਂ ਲੈ ਕੇ 1849 ਤੱਕ ਕਰੀਬ 22 ਸਾਲ ਤੱਕ ਰਾਜ ਕੀਤਾ ਸੀ। ਪਹਾੜਾ ਸਿੰਘ ਦਾ ਨਾਮ ਭਾਵੇਂ ਸਿੱਖ ਇਤਿਹਾਸ ਵਿੱਚ ਬਹੁਤ ਨਫਰਤ ਨਾਲ ਲਿਆ ਜਾਂਦਾ ਹੈ, ਪਰ ਉਹ ਬਹੁਤ ਹੀ ਪਰਜਾ ਪਾਲਕ ਰਾਜਾ ਸੀ। ਉਸ ਦੇ ਰਾਜ ਕਾਲ ਦੌਰਾਨ ਫਰੀਦਕੋਟ ਵਿੱਚ ਸ਼ਾਂਤੀ ਰਹੀ ਤੇ ਰਿਆਸਤ ਨੇ ਕਾਫੀ ਤਰੱਕੀ ਕੀਤੀ। ਉਸ ਨੇ ਰਿਆਸਤ ਦੇ ਸੈਂਕੜੇ ਏਕੜ ਜ਼ਮੀਨ ਵਿੱਚੋਂ ਜੰਗਲ ਸਾਫ ਕਰਵਾਏ ਤੇ ਉਹ ਜ਼ਮੀਨ ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਵੰਡ ਦਿੱਤੀ। ਉਸ ਨੇ ਪੀਣ ਵਾਲੇ ਪਾਣੀ ਤੇ ਫਸਲਾਂ ਦੀ ਸਿੰਚਾਈ ਵਾਸਤੇ ਸਤਲੁਜ ਦਰਿਆ ਤੋਂ ਇੱਕ ਨਹਿਰ ਵੀ ਕਢਵਾਈ ਸੀ। ਕੁਝ ਕਾਰਨਾਂ ਕਰ ਕੇ ਉਹ ਨਹਿਰ ਜਿਆਦਾ ਸਾਲ ਚੱਲ ਨਾ ਸਕੀ ਤੇ ਰਿਆਸਤ ਦੇ ਖਜ਼ਾਨੇ ਵਿੱਚ ਨਵੀਂ ਨਹਿਰ ਬਣਾਉਣ ਲਈ ਪੈਸੇ ਨਹੀਂ ਸਨ। ਪਹਾੜਾ ਸਿੰਘ ਨੇ ਨਵੀਂ ਨਹਿਰ ਬਣਾਉਣ ਦੀ ਬਜਾਏ ਰਿਆਸਤ ਵਿੱਚ ਸੈਂਕੜੇ ਖੂਹ ਪੁਟਵਾ ਦਿੱਤੇ ਤਾਂ ਜੋ ਖੇਤੀਬਾੜੀ ਲਈ ਪਾਣੀ ਦੀ ਕਮੀ ਨਾ ਰਹੇ। ਫਿਰੋਜ਼ ਸ਼ਾਹ ਦੀ ਜੰਗ ਤੋਂ ਇਲਾਵਾ ਮੁਦਕੀ ਦੀ ਜੰਗ ਵਿੱਚ ਵੀ ਉਸ ਨੇ ਅੰਗਰੇਜ਼ਾਂ ਦੀ ਰੱਜ ਕੇ ਮਦਦ ਕੀਤੀ ਸੀ। ਇਸ ਮਦਦ ਕਾਰਨ ਲਾਰਡ ਹਾਰਡਿੰਗ ਨੇ ਪਹਾੜਾ ਸਿੰਘ ਨੂੰ ਮਹਾਰਾਜਾ ਦਾ ਖਿਤਾਬ ਪ੍ਰਦਾਨ ਕੀਤਾ ਅਤੇ ਨਾਭਾ ਦੀ ਰਿਆਸਤ ਤੋਂ ਖੋਹੇ ਹੋਏ ਇਲਾਕੇ ਵਿੱਚੋਂ ਅੱਧ ਉਸ ਨੂੰ ਦੇ ਦਿੱਤਾ। ਇਸ ਕਾਰਨ ਬਾਕੀ ਦੀਆਂ ਰਿਆਸਤਾਂ ਵਿੱਚ ਉਸ ਦੇ ਰੁਤਬੇ ਅਤੇ ਮਾਨ ਸਨਮਾਨ ਵਿੱਚ ਭਾਰੀ ਵਾਧਾ ਹੋਇਆ। ਪਹਾੜਾ ਸਿੰਘ ਦੇ ਤਿੰਨ ਵਿਆਹ ਸਨ। ਪਹਿਲਾ ਵਿਆਹ ਦੀਨਾ ਵਾਲਾ ਦੇ ਜਗੀਰਦਾਰ ਸਮੰਦ ਸਿੰਘ ਦੀ ਲੜਕੀ ਚੰਦ ਕੌਰ ਨਾਲ ਹੋਇਆ ਸੀ ਜਿਸ ਦੀ ਦੀ ਕੁੱਖੋਂ ਵਜ਼ੀਰ ਸਿੰਘ ਦਾ ਜਨਮ ਹੋਇਆ ਜੋ ਉਸ ਦੀ ਮੌਤ ਤੋਂ ਬਾਅਦ ਗੱਦੀ 'ਤੇ ਬੈਠਾ। ਪਹਾੜਾ ਸਿੰਘ ਦੇ ਬਾਕੀ ਪਤਨੀਆਂ ਤੋਂ ਤਿੰਨ ਹੋਰ ਪੁੱਤਰ ਪੈਦਾ ਹੋਏ ਜੋ ਬਚਪਨ ਵਿੱਚ ਹੀ ਚੱਲ ਵੱਸੇ ਸਨ। ਪਹਾੜਾ ਸਿੰਘ ਦੀ ਮੌਤ ਅਪਰੈਲ 1849 ਵਿੱਚ ਸਿਰਫ 50 ਸਾਲ ਦੀ ਉਮਰ ਵਿੱਚ ਬਿਮਾਰੀ ਕਾਰਨ ਹੋ ਗਈ ਸੀ ਤੇ ਉਸ ਨੂੰ ਅੰਗਰੇਜ਼ਾਂ ਵੱਲੋਂ ਮਿਲੇ ਇਨਾਮ ਇਕਰਾਮ ਭੋਗਣ ਦਾ ਬਹੁਤਾ ਸਮਾਂ ਨਾ ਮਿਲਿਆ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ)
ਪੰਡੋਰੀ ਸਿੱਧਵਾਂ 9501100062

## ਭਾਗ-26

# ਤਸਵੀਰ ਜ਼ਿੰਦਗੀ ਦੀ...

ਬਰਾੜ ਸਾਹਿਬ ਨੇ ਅਜੇ ਫੋਨ ਬੰਦ ਹੀ ਕੀਤਾ ਸੀ ਕਿ ਉਨ੍ਹਾਂ ਦਾ ਫੋਨ ਦੁਬਾਰਾ ਵੱਜ ਪਿਆ।

"ਹੈਲੋ...... ਹੈਲੋ ਕੋਣ ਜੀ....?"

"ਬਰਾੜ ਸਾਹਿਬ ਬੋਲਦੇ ਹੋ।"

"ਹਾਂ ਜੀ ਸਰਦਾਰ ਭੁਪਿੰਦਰ ਸਿੰਘ ਸੰਧੂ ਸਾਹਿਬ ਜੀ ਕਰਮਵੀਰਪਾਲ ਹੀ ਬੋਲ ਰਿਹਾ ਹਾਂ।"

"ਬਰਾੜ ਸਾਹਿਬ ਕਾਹਤੋਂ ਸ਼ਰਮਿੰਦਾ ਕਰਦੇ ਹੋ ਮੈ ਤੁਹਾਡਾ ਆਪਣਾ ਛੋਟਾ ਭਰਾ ਭੁਪਿੰਦਰ ਬੋਲ ਰਿਹਾ ਹਾਂ ਜੀ, ਨਾਲੇ ਤੁਸੀਂ ਪਹਿਲਾਂ ਕਿਉਂ ਨਹੀਂ ਦੱਸਿਆ।"

"ਦੱਸਣਾ ਕੀ ਹੈ ਜੀ ਤੁਸੀਂ ਤਾਂ ਗੱਲ ਹੀ ਨਹੀਂ ਕਰਨ ਦਿੱਤੀ,ਚਲੋ ਕੋਈ ਨਾ,ਵੈਸੇ ਤਾਂ ਮੈਂ ਪਹਿਲਾਂ ਵੀ ਪੁੱਛ ਸਕਦਾ ਸੀ ਕਿ ਬਿਨਾਂ ਵਾਰੰਟ ਦੇ ਤੁਸੀਂ ਸਾਡੇ ਘਰ ਵਿੱਚ ਆਉਣ ਦੀ ਹਿੰਮਤ ਕੀਤੀ ਸੀ ਤਾਂ ਕਿਵੇਂ ਕੀਤੀ...... ਥੋੜਾ ਕਾਨੂੰਨ ਤਾਂ ਅਸੀਂ ਵੀ ਪੜਿਆ ਹੈ.... ਚਲੋ ਕੋਈ ਨਾ।"

"ਸਰਦਾਰ ਸਾਹਿਬ ਆਪਣਾ ਛੋਟਾ ਭਰਾ ਸਮਝ ਕੇ ਮੁਆਫ਼ ਕਰ ਦਿਉ ਜੀ,ਅੱਜ ਤੋਂ ਬਾਅਦ ਤੁਹਾਨੂੰ ਬਿਲਕੁਲ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗਾ। ਮੈ ਤਾਂ ਭੁੱਲ ਕੇ ਵੀ ਹੁਣ ਭੈਣ ਜੀ ਹੁਰਾਂ ਦੇ ਘਰ ਨਹੀਂ ਜਾਵਾਂਗਾ ਜੀ......!"

"ਨਹੀਂ ਸੰਧੂ ਸਾਹਿਬ ਤੁਹਾਨੂੰ ਕੱਲ੍ਹ ਨੂੰ ਆਉਣਾ ਤਾਂ ਜਰੂਰ ਹੀ ਪੈਣਾ ਹੈ ਪਰ ਇਹ ਗੱਲ ਹੋਰ ਹੈ ਕਿ ਖੜੇ ਸਾਡੇ ਪਾਲੇ ਵਿੱਚ ਰਹੋਗੇ।"

"ਠੀਕ ਹੈ ਸਰਦਾਰ ਸਾਹਿਬ ਜਿਵੇਂ ਤੁਸੀਂ ਕਹੋ... ਤੁਹਾਡਾ ਕਿਹਾ ਕਿਵੇਂ ਮੋੜ ਸਕਦੇ ਹਾਂ ਜੀ.....ਮਿਲਦੇ ਹਾਂ ਜੀ ਕੱਲ੍ਹ ਫੇਰ.....ਸਤਿ ਸ੍ਰੀ ਅਕਾਲ ਜੀ....!"

"ਸਤਿ ਸ੍ਰੀ ਅਕਾਲ.... ਥਾਣੇਦਾਰ ਸਾਹਿਬ।"

"ਹਾਂ ਜੀ ਭੈਣ ਜੀ ਬਘੇਲ ਨੂੰ ਤਾਂ ਮੈਂ ਆਪੇ ਹੀ ਦੇਖ ਲਵਾਂਗਾ, ਤੁਸੀਂ ਬਿਲਕੁਲ ਵੀ ਫਿਕਰ ਨਹੀਂ ਕਰਨੀ ਕੱਲ੍ਹ ਤੋਂ ਬਾਅਦ ਆਪਣੇ ਘਰੇ ਆਉਣਾ ਤਾਂ ਦੂਰ ਦੀ ਗੱਲ ਹੈ ਬ ਜੇ ਉਹ ਪਿੰਡ ਵਿੱਚ ਕਦੇ ਵੜ੍ਹ ਵੀ ਗਿਆ ਤਾਂ ਆਖੀਉ।

ਹੁਣ ਮੈਨੂੰ ਦੱਸੋ ਨਾਨਕ ਕਿੱਥੇ ਹੈ.....?"

(ਵੀਰਪਾਲ ਸਾਰੀ ਗੱਲ ਦੱਸ ਦਿੰਦੀ ਹੈ)

"ਹਾਂ ਜੀ ਗੁਰਨਾਮ ਸਿੰਘ ਜੀ ਤੁਹਾਨੂੰ ਕੀ ਜਾਣਕਾਰੀ ਹੈ ਨਾਨਕ ਦੇ ਬਾਰੇ ਵਿੱਚ.....!

(ਗੁਰਨਾਮ ਸਾਰੀ ਗੱਲ ਦੱਸ ਦਿੰਦਾ ਹੈ ਜੋ ਵੀ ਉਸਨੂੰ ਸ਼ਹਿਰ ਤੋਂ ਪਤਾ ਲੱਗੀ ਸੀ...ਉਸ ਤੋ ਲੈ ਕੇ ਨਹਿਰਾਂ ਤੱਕ ਸਾਰੀ ਹੀ)

ਤੁਹਾਡੇ ਅਨੁਸਾਰ, "ਕੀ ਕੀਤਾ ਹੋਵੇਗਾ ਨਾਨਕ ਨੇ?"

"ਕੁਝ ਵੀ ਨਹੀਂ ਕਹਿ ਸਕਦੇ ਸਰਦਾਰ ਜੀ,ਅਜੇ ਨਿਆਣੀ ਮੱਤ ਹੈ ਕਿਤੇ ਕੁਝ ਗਲਤ ਕਦਮ ਨਾ ਚੱਕ ਲਿਆ ਹੋਵੇ ਡਰਦੇ ਮਾਰੇ।"

"ਅੱਛਾ...ਕਿੰਨੇ ਦਿਨ ਹੋ ਗਏ ਨੇ...!"

"ਅੱਜ ਛੇਵਾਂ ਦਿਨ ਹੈਂ ਸਰਦਾਰ ਸਾਹਿਬ....!"

"ਕੋਈ ਗੱਲ ਨਹੀਂ ਨਹਿਰੀ ਵਿਭਾਗ ਦੇ ਐਕਸੀਅਨ ਨੂੰ ਫੋਨ ਕਰਦਾ ਹਾਂ।"

"ਹੈਲੋ...ਹੈਲੋ...ਜਨਾਬ ਕਰਮਵੀਰਪਾਲ ਸਿੰਘ ਬਰਾੜ ਬੋਲ ਰਿਹਾ ਹਾਂ ਜੀ........!"

"ਹਾਂ ਜੀ ਬਰਾੜ ਸਾਹਿਬ ਸੁਰਜੀਤ ਸਿੰਘ ਗਿੱਲ ਐਕਸੀਅਨ ਬੋਲ ਰਿਹਾ ਜੀ.....?"

"ਗਿੱਲ ਸਾਹਿਬ ਇੱਕ ਕੰਮ ਸੀ ਤੁਹਾਡੇ ਤੱਕ ਜੀ.....!"

"ਹੁਕਮ ਕਰੋ ਸਰਦਾਰ ਸਾਹਿਬ.....!"

"ਪਿਛਲੇ ਦਿਨਾਂ ਵਿੱਚ ਕੋਈ ਮਾੜੀ ਘਟਨਾ....!"

"ਕੀ ਮਤਲਬ ਬਰਾੜ ਸਾਹਿਬ....!"

"ਕਿਸੇ ਨੇ ਕੋਈ........!"

"ਸਮਝ ਗਿਆ ਨਹੀਂ ਜੀ ਅਜਿਹਾ ਕੋਈ ਹਾਦਸਾ ਨਹੀਂ ਹੋਇਆ।"

"ਧੰਨਵਾਦ ਜੀ ਬਹੁਤ- ਬਹੁਤ ਸਤਿ ਸ੍ਰੀ ਅਕਾਲ ਜੀ ਮਿਲਦੇ ਹਾਂ ਜਲਦੀ ਹੀ....!"

"ਜ਼ਰੂਰ ਜੀ ਜਰੂਰ।"

"ਭੈਣ ਜੀ ਫਿ ਰ ਸ



ਗੱਲ ਤੋ ਵੀ ਤੁਸੀਂ ਬਿਲਕੁਲ ਬੇਫਿਕਰ ਹੋ ਜਾਵੋ...ਆ ਜਾਵੇਗਾ ਨਾਨਕ ਵਾਪਸ ਥੋੜ੍ਹੇ ਹੀ ਦਿਨਾਂ ਵਿੱਚ... ਆ ਬੋਝ ਵੀ ਮਨ ਤੋਂ ਉਤਾਰ ਦਿਉ। ਭੈਣ ਜੀ ਹੁਣ ਮੈਂ ਚੱਲਦਾ ਹੈ, ਆਉਂਦਾ ਹਾਂ ਕੱਲ੍ਹ ਸਵੇਰੇ ਵਾਪਿਸ ਤੇ ਦੇਖਦਾ ਹਾਂ ਉਹ ਵੱਡੇ ਬਦਮਾਸ਼ ਬਘੇਲ ਸਿੰਘ ਨੂੰ ਵੀ ਕਿੰਨੇ ਕੁ ਪਾਣੀ ਵਿੱਚ ਹੈ। ਤੁਸੀਂ ਆਪਣੇ ਭਰਾ ਦੇ ਹੁੰਦਿਆ ਬਿਲਕੁਲ ਵੀ ਪਰੇਸ਼ਾਨ ਨਹੀਂ ਹੋਣਾ, ਵਾਹਿਗੁਰੂ ਜੀ ਸਭ ਮੇਹਰ ਕਰਨਗੇ।"

ਕਰਮਵੀਰਪਾਲ ਸਿੰਘ ਚਲਾ ਜਾਂਦਾ ਹੈ।

"ਬੇਬੇ ਆਪਾਂ ਤਾਂ ਐਵੇਂ ਹੀ ਪਰੇਸ਼ਾਨ ਹੋਈ ਜਾਦੀਆਂ ਸੀ, ਨਾਨਕ ਦਾ ਸਹੁਰਾ ਤਾਂ ਬੜੇ ਹੀ ਚੰਗੇ ਸੁਭਾਅ ਵਾਲਾ ਤੇ ਪਹੁਚ ਵਾਲਾ ਬੰਦਾ ਹੈ।"

"ਹਾਂ ਪੁੱਤ ਰੱਬ ਬਣਕੇ ਹੀ ਆਇਆ ਹੈ ਆਪਣੇ ਵਾਸਤੇ ਤਾਂ.... ਨਾਲੇ ਭਲਾ ਹੋਵੇ ਭਜਨ ਦਾ ਜਿਸਨੇ ਸਾਰੀ ਗੱਲ ਦੱਸ ਦਿੱਤੀ ਨਹੀਂ ਤਾਂ ਪਤਾ ਨਹੀਂ ਕੀ ਹੋਣਾ ਸੀ।"

"ਬੇਬੇ ਮੈਨੂੰ ਅੱਜ ਤਾਂ ਫਿਰ ਤੋਂ ਸੱਚੇ ਪਾਤਸ਼ਾਹ ਤੇ ਦੁਬਾਰਾ ਤੋਂ ਵਿਸ਼ਵਾਸ਼ ਹੋ ਗਿਆ ਹੈ, ਦੇਖ ਲੈ ਕਿਵੇਂ ਬਾਹ ਫੜੀ ਹੈ ਆਪਣੀ ਵਾਹਿਗੁਰੂ ਨੇ।"

"ਹਾਂ ਵੀਰਪਾਲ ਹੁਣ ਤਾਂ ਮੇਰਾ ਮਨ ਵੀ ਕਹਿੰਦਾ ਹੈ ਜਿਵੇਂ ਦੋ ਚਾਰ ਦਿਨਾਂ ਵਿੱਚ ਹੀ ਨਾਨਕ ਵੀ ਵਾਪਸ ਆ ਜਾਵੇਗਾ.... ਪਰ ਮੇਰੀ ਧੀ ਬਣ ਕੇ ਕੁਝ ਵੀ ਬੋਲੀ ਨਾ ਤੂੰ ਨਾਨਕ ਨੂੰ.....!"

ਮੈਂ ਤਾਂ ਕੀ ਕਹਿਣਾ ਹੈ, "ਬੇਬੇ ਤੇਰੇ ਨਾਨਕ ਨੂੰ ਜੇ ਕੁਝ ਬੋਲਦੀ ਵੀ ਹਾਂ ਤਾਂ ਉਸਦੇ ਭਲੇ ਲਈ ਹੀ ਬੋਲਦੀ ਹਾਂ।"

"ਜੇ ਮੇਰੀ ਸੁਣਦਾ ਹੁੰਦਾ ਤਾਂ ਆਹ ਦਿਨ ਨਹੀਂ ਦੇਖਣੇ ਪੈਣੇ ਸਨ।"

"ਰੱਬ ਕਰੇ ਛੇਤੀ ਨਾਲ ਠੀਕ ਠਾਕ ਵਾਪਸ ਆ ਜਾਵੇ .... ਨਾਲੇ ਨਾਨਕ ਬਿਨਾਂ ਤਾਂ ਘਰ ਖਾਣ ਨੂੰ ਆਉਂਦਾ ਹੈ।

(ਦੋਵੇਂ ਇੱਕ ਦੂਜੇ ਨੂੰ ਹੌਸਲਾ ਦਿੰਦੀਆਂ ਹਨ)

"ਵੀਰਪਾਲ ਚਾਹੇ ਕੁਝ ਵੀ ਹੈ ਬਰਾੜ ਸਾਹਿਬ ਦੇ ਆਉਣ ਨਾਲ ਆਪਾਂ ਨੂੰ ਸਹਾਰਾ ਬਹੁਤ ਹੋ ਗਿਆ"।

ਉਹ ਤਾਂ ਹੈ ਬੇਬੇ ਜੀ, ਚਲੋ ਅੱਜ ਬੜੇ ਦਿਨਾਂ ਬਾਅਦ ਰੋਟੀ ਆਰਾਮ ਨਾਲ ਖਾਵਾਂਗੇ, ਤੁਸੀਂ ਬਾਹਰਲਾ ਬੂਹਾ ਬੰਦ ਕਰਕੇ ਆ ਜਾਉ....ਮੈਂ ਰੋਟੀ ਬਣਾਉਦੀ ਹਾਂ।"

ਅਗਲੇ ਦਿਨ ਸਵੇਰੇ ਹੀ ਬਰਾੜ ਸਾਹਿਬ ਹਥਿਆਰਾਂ ਨਾਲ ਲੈਸ ਬੰਦਿਆਂ ਦੀ ਪੂਰੀ ਬਰਾਤ ਲੈ ਕੇ ਆ ਜਾਂਦੇ ਹਨ। ਸਾਰੇ ਦਾ ਸਾਰਾ ਪਿੰਡ ਘਰਾਂ ਦੇ ਬਾਹਰ ਖੜ੍ਹਕੇ ਇਹ ਸਭ ਕੁਝ ਦੇਖ ਰਿਹਾ ਹੁੰਦਾ ਹੈ। ਉਹ ਜਾ ਕੇ ਪੈਲੀ ਵਿੱਚ ਬਘੇਲ ਦੇ ਆਉਣ ਤੋਂ ਪਹਿਲਾਂ ਹੀ ਜਾ ਡੇਰਾ ਲਗਾਉਂਦੇ ਹਨ।

ਦਿੱਤੇ ਸਮੇਂ ਉੱਤੇ ਬਘੇਲ ਸਿੰਘ ਆਪਣੇ ਬਦਮਾਸ਼ਾਂ ਨਾਲ ਵੀਰਪਾਲ ਦੇ ਘਰ ਪਹੁੰਚ ਜਾਂਦਾ ਹੈ।

"ਹਾਂ ਬੀਬੀ ਅਸੀਂ ਤਾਂ ਆ ਗਏ ਕਬਜ਼ਾ ਕਰਨ ਦੱਸ ਹੁਣ ਕੀ ਕਰੇਗੀ......ਕੱਲ੍ਹ ਤਾਂ ਬਹੁਤ ਬੋਲਦੀ ਸੀ ਅੱਜ ਕੀ ਤੈਨੂੰ ਸੱਪ ਸੁੰਘ ਗਿਆ. ...ਕਿ ਸਿਆਣੀ ਹੋ ਗਈ।"

"ਸਰਦਾਰ ਸਾਹਿਬ ਥਾਣੇਦਾਰ ਨਹੀਂ ਆਇਆ ਹੁਣ ਤੱਕ..... !"ਬਿੱਲਾ ਪੁੱਛਦਾ ਹੈ।

"ਉਏ ਆ ਜਾਵੇਗਾ ਨਾਲੇ ਪੂਰੇ ਪਿੰਡ ਵਿੱਚ ਤਾਂ ਕਿਸੇ ਦੀ ਹਿੰਮਤ ਨਹੀਂ ਕਿ ਕੋਈ ਸਾਡੇ ਸਾਹਮਣੇ ਬੋਲਣਾ ਤਾਂ ਦੂਰ ਖੜ੍ਹਾ ਵੀ ਹੋ ਜਾਵੇ.....!"

"ਵੇ ਮੈਂ ਅੱਜ ਵੀ ਕਹਿੰਦੀ ਹੈ ਕਿਹੜਾ ਜੰਮਿਆ ਮੇਰੀ ਜਮੀਨ ਵਿੱਚ ਪੈਰ ਪਾਉਣ ਵਾਲਾ।"

(ਵੀਰਪਾਲ ਸ਼ੇਰਨੀ ਵਾਂਗ ਗਰਜਦੀ ਹੈ)

"ਬੋਲੀ ....ਬੋਲੀ ਉਏ ਬਿੱਲਿਆ ਬੋਲੀ...!"

"ਬਾਈ ਆਪਾਂ ਇਹਦੇ ਬੋਲਣ ਤੋਂ ਕੀ ਲੈਣਾ ਹੈ ਚਲੋ ਥਾਣੇਦਾਰ ਨੂੰ ਫੋਨ ਕਰਕੇ ਪੁੱਛੋ ਕਿੱਥੇ ਰਹਿ ਗਿਆ ਤੇ ਕਰੀਏ ਕਬਜ਼ਾ ...!"

"ਹਾਂ ...ਹਾਂ ਜਰੂਰ....ਹੈਲੋ... ਹੈਲੋ ਹਾਂ ਜੀ ਸੰਧੂ ਸਾਹਿਬ ਕਿੱਥੇ ਰਹਿ ਗਏ....?"

"ਬਸ ਪਹੁੰਚ ਹੀ ਰਿਹਾ ਹਾਂ ਸਰਦਾਰ ਸਾਹਿਬ....ਤੁਸੀਂ ਪਹੁੰਚ ਗਏ।"

"ਸਾਨੂੰ ਪਹੁੰਚੇ ਅੱਧਾ ਘੰਟਾ ਹੋ ਗਿਆ ਹੈ।"

"ਚਲੋ ਠੀਕ ਹੈ ਮੈਂ ਵੀ ਆਪਣੇ ਬੰਦਿਆਂ ਨਾਲ ਪਹੁੰਚ ਰਿਹਾ ਹਾਂ। ਤੁਸੀਂ ਖੇਤਾਂ ਵੱਲ ਚੱਲੋ ਮੈਂ ਵੀ ਉੱਥੇ ਹੀ ਪਹੁੰਚਦਾ ਹਾਂ।"

"ਠੀਕ ਹੈ ਸੰਧੂ ਸਾਹਿਬ..... ਚਲੋ ਉਏ ਬੈਠੋ ਗੱਡੀਆਂ ਵਿੱਚ ਤੇ ਕਰੀਏ ਕਬਜ਼ਾ।"

(ਉਹ ਸਾਰੇ ਖੇਤਾਂ ਵੱਲ ਚੱਲ ਪੈਂਦੇ ਹਨ)

ਭੁਪਿੰਦਰ ਸਾਰੀ ਗੱਲ ਬਰਾੜ ਸਾਹਿਬ ਨੂੰ ਪਹਿਲਾਂ ਹੀ ਫੋਨ ਕਰਕੇ ਪਹਿਲਾਂ ਹੀ ਦੱਸ ਦਿੰਦਾ ਹੈ ਤੇ ਬਰਾੜ ਤੋਂ ਉਸਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਉਹ ਵੀ ਆਪਣੇ ਬੰਦਿਆਂ ਨਾਲ ਪਹਿਲਾਂ ਹੀ ਪੈਲੀ ਵਿੱਚ ਬੈਠੇ ਹਨ।

ਚੱਲਦਾ....



ਸੰਦੀਪ ਦਿਉੜਾ
8437556667


# ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ 'ਤੇ ਪਹੁੰਚਣ ਅਤੇ ਉਨ੍ਹਾਂ ਦੀ ਆਮਦ ਨੂੰ ਮੁੱਖ ਰੱਖਦਿਆਂ, ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸ਼ਹੀਦ ਹੋਏ ਸਮੂਹ ਸਿੰਘਾਂ/ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਹੇਠ ਲਿਖੇ ਪ੍ਰੋਗਰਾਮ ਮੁਤਾਬਿਕ ਹੋਵੇਗੀ।

## ਪ੍ਰੋਗਰਾਮ ਇਸ ਤਰ੍ਹਾਂ ਹੋਵੇਗਾ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਅਰੰਭ 23 ਦਸੰਬਰ ਦਿਨ ਸੋਮਵਾਰ

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 25 ਦਸੰਬਰ ਦਿਨ ਬੁੱਧਵਾਰ

ਮਾਲਟਨ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਮੇਨ ਹਾਲ ਵਿੱਚ ਪਾਏ ਜਾਣਗੇ।

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰਦੁਆਰਾ ਸਾਹਿਬ ਵਿਖੇ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

ਹੋਰ ਜਾਣਕਾਰੀ ਲਈ

ਗੁਰਪ੍ਰੀਤ ਸਿੰਘ ਉੱਪਲ 647-207-1887, ਸਤਪਾਲ ਸਿੰਘ ਗਰੇਵਾਲ 519-405-0075, ਜਸਵੰਤ ਸਿੰਘ ਰਜੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 647-400-9991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੋਹ ਦਾ ਮਹੀਨਾ, ਸ਼ਹੀਦੀਆਂ ਦਾ ਮਹੀਨਾ



ਪੋਹ ਦਾ ਮਹੀਨਾ, ਸ਼ਹੀਦੀਆਂ ਦਾ ਮਹੀਨਾ ਹੈ। ਸਿੱਖ ਇਤਿਹਾਸ ਨੂੰ ਸੂਰਬੀਰ ਯੋਧਿਆਂ, ਸ਼ਹੀਦਾਂ ਜਾਂ ਕੁਰਬਾਨੀਆਂ ਦਾ ਇਤਿਹਾਸ ਕਹਿਣਾ ਕੋਈ ਅਤਿ-ਕਥਨੀ ਨਹੀਂ ਹੈ। ਇਸ ਇਤਿਹਾਸ ਵਿਚ ਪੋਹ ਦਾ ਮਹੀਨਾ ਇਕ ਸੁਨਹਿਰੀ ਪਰ ਲਹੂ ਭਿੱਜੇ ਹਾਸ਼ੀਏ ਵਾਲਾ ਪੰਨਾ ਹੈ। ਸੰਸਾਰ ਭਰ ਵਿਚ ਹਰ ਨਾਨਕ ਨਾਮ ਲੇਵਾ, ਸਿੱਖ ਸੰਗਤ ਤੇ ਮਨੁੱਖਤਾ ਨੂੰ ਪਿਆਰ ਕਰਨ ਵਾਲਾ ਮਨੁੱਖ ਇਸ ਮਹੀਨੇ ਨੂੰ ਸ਼ਹੀਦੀ ਮਹੀਨਾ ਗਿਣਦਾ ਹੈ। ਸਿੱਖ ਇਤਿਹਾਸ ਦੇ ਸ਼ਹੀਦੀ ਹਫ਼ਤੇ ਦੀ ਸ਼ੁਰੂਆਤ ਨੂੰ ਦਰਸਾਉਂਦੇ ਇਸ ਹਫ਼ਤੇ ਦੌਰਾਨ, ਖ਼ਾਲਸੇ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਬਹਾਦਰੀ ਅਤੇ ਕੁਰਬਾਨੀ ਦਾ ਪ੍ਰਦਰਸ਼ਨ ਕੀਤਾ ਜਿਸ ਦੀ ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਹੈ। ਇਹ ਸਿੱਖਾਂ ਲਈ ਸਭ ਤੋਂ ਦੁਖਦਾਈ ਹਫ਼ਤਾ ਵੀ ਸੀ, ਜਿਨ੍ਹਾਂ ਨੇ ਗੁਰੂ ਪ੍ਰਵਾਰ ਤੇ ਉਨ੍ਹਾਂ ਦੇ ਵਫ਼ਾਦਾਰ ਪੈਰੋਕਾਰਾਂ ਨੂੰ ਖੋ ਦਿਤਾ ਸੀ।

ਸਿੱਖ ਇਤਿਹਾਸ ਵਿਚ ਇਸ ਸਫ਼ਰ-ਏ-ਸ਼ਹਾਦਤ ਦੀ ਦਾਸਤਾਨ ਉਦੋਂ ਸ਼ੁਰੂ ਹੋਈ ਜਦੋਂ ਗੁਰੂ ਸਾਹਿਬ ਅਨੰਦਪੁਰ ਸਾਹਿਬ ਵਿਚ ਸਨ। ਬਿਕਰਮੀ 1761, ਪੋਹ 6-7 ਮੁਤਾਬਕ ਸੰਨ 1704, ਦਸੰਬਰ 20-21 ਦੀ ਅੱਧੀ ਰਾਤ ਨੂੰ ਜਦੋਂ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੱਭ ਕੁੱਝ ਜਾਣਦਿਆਂ ਵੀ ਮੁਗ਼ਲਾਂ ਤੇ ਪਹਾੜੀ ਰਾਜਿਆਂ ਵਲੋਂ ਝੂਠੀਆਂ ਕਸਮਾਂ ਖਾਣ ਉਪਰੰਤ ਅਨੰਦਪੁਰ ਸਾਹਿਬ ਦੀ ਧਰਤ ਸੁਹਾਵੀ ਤੋਂ ਕਿਲ੍ਹਾ ਅਨੰਦਗੜ੍ਹ ਛਡਿਆ ਤਾਂ ਮੁਸੀਬਤਾਂ ਦੇ ਝੱਖੜ ਝੁੱਲ ਪਏ। ਮਗਰੋਂ ਸੌਹਾਂ ਤੋਂ ਮੁੱਕਰ ਕੇ ਹਿੰਦੂ ਪਹਾੜੀ ਰਾਜਿਆਂ ਦੀ ਫ਼ੌਜ ਅਤੇ ਮੁਗ਼ਲ ਫ਼ੌਜ ਨੇ ਹਮਲਾ ਕਰ ਦਿਤਾ। ਕਈ ਸਿੰਘ ਸ਼ਹੀਦ ਹੋ ਗਏ। ਕਈ ਸਰਸਾ ਨਦੀ ਪਾਰ ਕਰਦੇ ਰੁੜ੍ਹ ਗਏ। ਇਸ ਘੋਰ ਸੰਕਟਮਈ ਸਮੇਂ ਸਰਸਾ ਨਦੀ ਤੋਂ ਦਸਮ ਪਿਤਾ ਦਾ ਸਮੁੱਚਾ ਪ੍ਰਵਾਰ ਉਨ੍ਹਾਂ ਤੋਂ ਵਿਛੜ ਗਿਆ। ਵਿਛੜਣ ਤੋਂ ਬਾਅਦ ਫਿਰ ਕਦੀ ਗੁਰੂ ਜੀ ਦੇ ਪ੍ਰਵਾਰ ਦਾ ਆਪਸ ਵਿਚ ਮੇਲ ਨਹੀਂ ਹੋਇਆ।

ਕਿੱਥੇ ਰਹਿਣਗੇ ਹਿੰਦ ਦੇ ਵਾਰਿਸਾ ਉਹ,
ਵਾਰਿਸ ਹੋ ਕੇ ਵੀ ਜਿਹੜੇ ਵਿਸਾਰ ਚਲਿਆ।
ਧਾਹਾਂ ਮਾਰ ਕੇ ਰੋਣ ਗਰੀਬ ਲੱਗੇ,
ਅਨੰਦਪੁਰ ਛੱਡ ਗਰੀਬਾਂ ਦਾ ਯਾਰ ਚਲਿਆ...

ਅਕਾਲ ਪੁਰਖ ਦੇ ਹੁਕਮ ਅਨੁਸਾਰ ਸਰਸਾ ਨਦੀ 'ਤੇ ਹੋਏ ਪ੍ਰਵਾਰ ਵਿਛੋੜੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਚਾਲੀ ਸਿੰਘਾਂ ਅਤੇ ਦੋ ਵੱਡੇ ਸਾਹਿਬਜ਼ਾਦਿਆਂ ਨਾਲ ਚਮਕੌਰ ਦੀ ਗੜ੍ਹੀ ਵਿਚ ਆ ਟਿਕੇ। ਚਮਕੌਰ ਦੀ ਗੜ੍ਹੀ ਨੂੰ ਮੁਗ਼ਲ ਫ਼ੌਜਾਂ ਦੀ ਵੱਡੀ ਗਿਣਤੀ ਨੇ ਘੇਰਾ ਪਾ ਲਿਆ। ਗੁਰੂ ਸਾਹਿਬ ਗੜ੍ਹੀ 'ਚੋਂ ਪੰਜ-ਪੰਜ ਸਿੰਘਾਂ ਦੇ ਜੱਥੇ, ਮੁਗ਼ਲਾਂ ਦੀ ਫ਼ੌਜ ਨਾਲ ਮੁਕਾਬਲਾ ਕਰਨ ਲਈ ਭੇਜਦੇ, ਜੋ ਹਜ਼ਾਰਾਂ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਸ਼ਹੀਦੀਆਂ ਪਾ ਜਾਂਦੇ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਵੀ ਇਸ ਤਰ੍ਹਾਂ ਮੈਦਾਨੇ ਜੰਗ ਵਿਚ ਦੁਸ਼ਮਣ ਫ਼ੌਜ ਦੇ ਆਹੂ ਲਾਹੁੰਦਿਆਂ ਸ਼ਹਾਦਤ ਦਾ ਜਾਮ ਪੀ ਗਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਉਪ੍ਰੰਤ ਅਖ਼ੀਰ ਬਾਕੀ ਰਹਿੰਦੇ ਸਿੰਘਾਂ ਨੇ ਗੁਰਮਤਾ ਕਰ ਕੇ ਗੁਰੂ ਜੀ ਨੂੰ ਗੜ੍ਹੀ 'ਚੋਂ ਬਾਹਰ ਜਾਣ ਲਈ ਕਿਹਾ। ਸਿੰਘਾਂ ਨੇ ਕਿਹਾ ਕਿ ਗੁਰੂ ਜੀ ਤੁਹਾਡਾ ਇੱਥੋਂ ਜ਼ਿੰਦਾ ਨਿਕਲਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਤੁਸੀਂ ਤਾਂ ਲੱਖਾਂ ਹੀ ਸਿੰਘ ਸਜਾ ਲਉਗੇ ਪਰ ਲੱਖਾਂ ਕਰੋੜਾਂ ਸਿੰਘ ਵੀ ਮਿਲ ਕੇ ਇਕ ਗੁਰੂ ਗੋਬਿੰਦ ਸਿੰਘ ਜੀ ਕਾਇਮ ਨਹੀਂ ਕਰ ਸਕਦੇ। ਗੁਰੂ ਜੀ ਨੇ ਕਿਹਾ ਕਿ ਉਹ ਪੰਜ ਸਿੰਘਾਂ ਦੇ ਗੁਰਮਤੇ ਅੱਗੇ ਅਪਣਾ ਸਿਰ ਝੁਕਾਉਂਦੇ ਹਨ ਪਰ ਉਹ ਚੋਰੀ-ਚੋਰੀ ਨਹੀਂ ਜਾਣਗੇ।

ਗੁਰੂ ਜੀ ਨੇ ਕਿਹਾ ਕਿ ਉਹ ਦੁਸ਼ਮਣ ਨੂੰ ਲਲਕਾਰ ਕੇ ਜਾਣਗੇ। ਕੁੱਝ ਇਤਿਹਾਸਕਾਰਾਂ ਮੁਤਾਬਕ ਗੁਰੂ ਜੀ ਨੇ ਗੜ੍ਹੀ ਵਿਚੋਂ ਜਾਣ ਤੋਂ ਪਹਿਲਾਂ ਭਾਈ ਸੰਗਤ ਸਿੰਘ ਜੀ ਤੇ ਕੁੱਝ ਇਤਿਹਾਸਕਾਰਾਂ ਮੁਤਾਬਕ ਭਾਈ ਜੀਵਨ ਸਿੰਘ ਜੀ ਨੂੰ ਅਪਣੀ ਕਲਗੀ ਤੇ ਪੋਸ਼ਾਕਾ ਪਹਿਨਾ ਦਿਤਾ ਸੀ। ਅੱਧੀ ਰਾਤ ਲੰਘ ਚੁੱਕੀ ਸੀ ਅਤੇ ਅੱਧੀ ਅੱਗੇ ਸੀ। ਗੁਰੂ ਜੀ ਰਾਤ ਵੇਲੇ ਜਦੋਂ ਗੜ੍ਹੀ 'ਚੋਂ ਬਾਹਰ ਨਿਕਲੇ ਉਨ੍ਹਾਂ ਨੇ ਜਾਣ ਵੇਲੇ ਦੁਸ਼ਮਣ ਖ਼ਵਾਜਾ ਮਰਦੂਦ ਨੂੰ ਵੀ ਵੰਗਾਰਿਆ ਤਾਕਿ ਕਿਧਰੇ ਖਵਾਜਾ ਇਹ ਨਾਂ ਸਮਝੇ ਕਿ ਗੁਰੂ ਜੀ ਤਾਂ ਚੋਰੀ-ਚੋਰੀ ਨਿਕਲ ਗਏ ਹਨ। ਗੜ੍ਹੀ ਵਿਚੋਂ ਨਿਕਲਣ ਤੋਂ ਪਹਿਲਾਂ ਤਾੜੀ ਮਾਰ ਕੇ ਦੁਸ਼ਮਣ ਨੂੰ ਸੁਚੇਤ ਕੀਤਾ ਸੀ। ਗੁਰੂ ਜੀ ਨੇ ਗਰਜਵੀਂ ਆਵਾਜ਼ 'ਚ ਕਿਹਾ, ''ਪੀਰੇ ਹਿੰਦ ਮੇਂ ਰਵਦ' (ਹਿੰਦ ਦਾ ਪੀਰ, ਖ਼ਾਲਸੇ ਦਾ ਗੁਰੂ ਜਾ ਰਿਹਾ ਏ, ਜੇਕਰ ਕਿਸੇ 'ਚ ਹਿੰਮਤ ਹੈ ਤਾਂ ਆ ਕੇ ਫੜ ਲਵੋ)।'' ਜਿਸ ਨਾਲ ਮੁਗ਼ਲਾਂ ਵਿਚ ਹਲਚਲ ਮੱਚ ਗਈ। ਆਪ ਜੀ ਫ਼ਤਿਹ ਦੇ ਜੈਕਾਰੇ ਛੱਡਦੇ ਹੋਏ ਚਮਕੌਰ ਦੀ ਗੜ੍ਹੀ ਨੂੰ ਛੱਡ ਕੇ ਮਾਛੀਵਾੜੇ ਦੇ ਜੰਗਲਾਂ ਵਲ ਨੂੰ ਹੋ ਤੁਰੇ। ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਨੇ ਉਕਤ ਵੇਲੇ ਦਾ ਬਿਰਤਾਂਤ ਬਿਆਨਦਿਆਂ ਲਿਖਿਆ ਹੈ - ''ਗੁਰੂ ਰੂਪ ਖ਼ਾਲਸੇ ਦਾ ਕਿਹਾ ਮੰਨ ਕੇ ਦਾਤੇ ਹੋ ਤੁਰੇ ਵਿਦਾਅ, ਅੱਧੀ ਰਾਤ ਨੂੰ ਗੜ੍ਹੀ 'ਚੋਂ ਬੂਹਾ ਭੰਨ੍ਹ ਕੇ ਗਏ ਲਹਿੰਦੇ ਨੂੰ ਸਿੱਧਾ। ਗਏ ਪੀਰ ਹਿੰਦ ਨਾਲੇ ਉੱਚੀ ਸੁਰ ਦੇ ਕਹਿਤਾ ਜੰਗੀ ਖਾੜੇ ਨੂੰ, ਜਾਂਦਾ ਵੇਖ ਅਰਸ਼ਾਂ ਦੇ ਪੰਛੀ ਝੂਰਦੇ ਜੰਝੋਂ ਬਿਨਾਂ ਲਾੜੇ ਨੂੰ। ਨੰਗੇ ਪੈਰੀਂ ਮਾਲਕ ਅਨੰਦਪੁਰ ਦੇ ਜਾਂਦੇ ਮਾਛੀਵਾੜੇ ਨੂੰ।''



ਕੱਚੀ ਗੜ੍ਹੀ 'ਚੋਂ ਸਿੱਧੇ ਦਸਮ ਪਿਤਾ ਲਹਿੰਦੇ ਵਲ ਹੋ ਤੁਰੇ। ਸਿਆਲ ਦੀ ਠੰਢੀ ਰਾਤ ਵਿਚ ਹਜ਼ੂਰ ਕੰਡਿਆਲੇ ਜੰਗਲਾਂ ਵਿਚ ਪੈਦਲ ਚੱਲ ਰਹੇ ਸਨ। ਟਿੱਬਿਆਂ ਦੀ ਰੇਤ ਲਹੂ ਨੂੰ ਸੁੰਨ ਕਰ ਦੇਣ ਵਾਲੀ ਸੀ। ਹਨੇਰਾ ਸੰਘਣਾ ਪਰ ਛੁਰੀ ਵਰਗਾ ਤਿੱਖਾ ਸੀ। ਪੋਹ ਮਹੀਨੇ ਦੀ ਠੰਢੀ ਠਾਰ ਰਾਤ ਵਿਚ ਚੱਲ ਕੇ ਗੁਰੂ ਸਾਹਿਬ ਨੰਗੇ ਪੈਰੀਂ, ਫਟੇ ਬਸਤਰਾਂ ਵਿਚ ਕੰਡਿਆਲੇ ਅਤੇ ਬਿਖਮ ਰਸਤਿਆਂ ਵਿਚੋਂ ਹੁੰਦੇ ਹੋਏ ਮਾਛੀਵਾੜੇ ਦੇ ਬੀਆਬਾਨ ਜੰਗਲਾਂ ਵਲ ਨੂੰ ਤੁਰੇ ਜਾ ਰਹੇ ਸਨ। ਸਿੱਖਾਂ ਦੇ ਮੂੰਹ ਮਾਛੀਵਾੜੇ ਦਾ ਨਾਮ ਆਉਂਦਿਆਂ ਹੀ ਇਕਦਮ ਬੀਆਬਾਨ ਸੁੰਨਸਾਨ ਜੰਗਲ, ਪੋਹ ਦੀ ਠੰਢੀ ਰਾਤ, ਖੂਹ ਦੀ ਟਿੰਡ ਦਾ ਸਿਰਹਾਣਾ, ਸੂਲਾਂ ਦੀ ਸੇਜ, ਮਨ ਮੰਡਲ 'ਤੇ ਇਹ ਬਣਦੀ ਤਸਵੀਰ ਚਿਤਰੀ ਜਾਂਦੀ ਹੈ। ਇਨ੍ਹਾਂ ਭਿਆਨਕ ਰਾਹਾਂ 'ਚੋਂ ਅਨੰਦਪੁਰ ਦਾ ਵਾਸੀ ਸੱਭ ਸੁੱਖ ਆਰਾਮ ਤਿਆਗ ਕੇ ਪੁੱਤਰਾਂ ਪਿਆਰਿਆਂ ਦੀ ਸ਼ਹਾਦਤ ਤੋਂ ਬਾਅਦ ਲੰਘਿਆ ਜਾ ਰਿਹੈ। ਨਾ ਹੱਥ 'ਚ ਬਾਜ਼, ਨਾ ਸੀਸ ਤੇ ਕਲਗ਼ੀ, ਨਾ ਘੋੜਾ, ਨਾ ਪੈਰੀਂ ਜੋੜਾ, ਬਾਣਾ ਵੀ ਝਾੜੀਆਂ ਨਾਲ ਖਹਿ ਖਹਿ ਲੀਰੋ ਲੀਰ, ਹੱਥ 'ਚ ਨੰਗੀ ਤੇਗ਼, ਐਸੀ ਹਾਲਤ 'ਚ ਇੱਥੇ ਪੁੱਜ ਕੇ ਆਪ ਜੀ ਨੇ ਪਹਿਲਾਂ ਖੂਹ ਤੋਂ ਜਲ ਕੱਢ ਕੇ ਛਕਿਆ ਅਤੇ ਖੂਹ ਤੋਂ ਲਗਭਗ 150 ਕੁ ਗਜ਼ ਦੀ ਦੂਰੀ 'ਤੇ ਸਥਿਤ ਜੰਡ ਦੇ ਰੁੱਖ ਹੇਠਾਂ (ਜਿੱਥੇ ਹੁਣ ਗੁਰਦੁਆਰਾ ਚਰਨ ਕੰਵਲ ਸਾਹਿਬ ਸੁਸ਼ੋਭਿਤ ਹੈ।) ਧਰਤੀ ਦੀ ਗੋਦ 'ਚ ਅਪਣੇ ਪਿਆਰੇ ਦੇ ਬਖ਼ਸ਼ੇ ਸੱਥਰ ਤੇ ਸੂਲਾਂ ਦੀ ਸੇਜ 'ਤੇ ਲੰਮੇ ਪੈ ਗਏ। ਕਈ ਰਾਤਾਂ ਦਾ ਥਕੇਵਾਂ ਹੁਣ ਵੀ ਰਾਤ ਭਰ ਦਾ ਸਫ਼ਰ, ਛੇਤੀ ਅੱਖ ਲੱਗ ਗਈ। ਇੰਜ ਸ਼ਾਂਤ ਸੁੱਤੇ ਜਿਵੇਂ ਕੁੱਝ ਹੋਇਆ ਹੀ ਨਾ ਹੋਵੇ। ਸੁੱਤਿਆਂ ਵੀ ਮਰਦ ਅਗੰਮੜੇ ਦੇ ਹੱਥ ਨੰਗੀ ਤਲਵਾਰ ਹੈ। ਲਖ਼ਤ-ਏ-ਜਿਗਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸ਼ਹੀਦ ਹੋ ਚੁੱਕੇ ਸਨ। ਜਾਨ ਤੋਂ ਪਿਆਰੇ ਸਿੰਘ ਵਿਛੜ ਚੁਕੇ ਸਨ। ਪੈਰਾਂ ਵਿਚ ਕੰਡੇ ਚੁਭ ਗਏ, ਛਾਲੇ ਹੋ ਗਏ ਅਤੇ ਜ਼ਖ਼ਮਾਂ ਵਿਚ ਖ਼ੂਨ ਸਿੰਮਣ ਲੱਗਾ। ਭੁੱਖ ਪਿਆਸ ਯੁੱਧ ਦੀ ਥਕਾਵਟ ਆਦਿ ਬੇਸ਼ੁਮਾਰ ਮੁਸੀਬਤਾਂ ਦਾ ਘੇਰਿਆ ਗੁਰੂ ਬੁਰੇ ਹਾਲੀਂ ਸੀ। ਪਰ ਫਿਰ ਵੀ ਦਸਮੇਸ਼ ਪਿਤਾ ਦਾ ਸਿਦਕ ਨਹੀਂ ਡੋਲਿਆ। ਅਜਿਹੇ ਸਮੇਂ ਵੀ ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ ਕੋਈ ਮਿਹਣਾ ਜਾਂ ਰੋਸ ਨਹੀਂ ਸਗੋਂ...

ਵਾਹੀ ਆਉਂਦਾ ਵਖਰੀ ਲਕੀਰ ਪਾਤਸ਼ਾਹ !
ਕੰਢਿਆਂ 'ਤੇ ਸੁੱਤਾ ਹੈ ਫ਼ਕੀਰ ਪਾਤਸ਼ਾਹ।

ਜਿਨ੍ਹਾਂ ਬਿਖੜੇ ਰਾਹਾਂ ਤੋਂ ਕਲਗ਼ੀਧਰ ਪਾਤਸ਼ਾਹ ਲੰਘ ਗਏ, ਉਨ੍ਹਾਂ ਰਾਹਾਂ 'ਤੇ ਅਜਿਹੀਆਂ ਪੈੜਾਂ ਪਾ ਗਏ ਜੋ ਸਮਾਂ ਪਾ ਕੇ ਸੂਰਜ ਵਾਂਗ ਚਮਕ ਉਠੀਆਂ। ਜਿੱਥੇ ਛਾਲਿਆਂ ਭਰੇ ਚਰਨ ਪਾਏ ਪਾਤਸ਼ਾਹ ਨੇ, ਹੁਣ ਉੱਥੇ ਸਥਾਨ ਬਣਿਆ ਗੁਰਦੁਆਰਾ ਚਰਨ ਕੰਵਲ ਸਾਹਿਬ। ਸਰਬੰਸਦਾਨੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਮਾਛੀਵਾੜਾ, ਜੋ ਕਿ ਹੁਣ ਮਾਛੀਵਾੜਾ ਸਾਹਿਬ ਹੋ ਗਿਆ ਹੈ। ਗੁਰਦੁਆਰਾ ਚਰਨ ਕੰਵਲ ਸਾਹਿਬ ਤੋਂ ਇਲਾਵਾ ਗੁਰੂ ਜੀ ਦੇ ਪਠਾਣ ਭਗਤਾਂ (ਗਨੀ ਖ਼ਾਂ ਅਤੇ ਨਬੀ ਖ਼ਾਂ) ਦੇ ਨਾਂ ਤੇ ਇਕ ਗੁਰਦੁਆਰਾ ਗਨੀ ਖ਼ਾਂ ਨਬੀ ਖ਼ਾਂ, ਗੁਰਦੁਆਰਾ ਚੁਬਾਰਾ ਸਾਹਿਬ ਤੇ ਗੁਰਦੁਆਰਾ ਕ੍ਰਿਪਾਨ ਭੇਟ ਸਾਹਿਬ ਸਮੇਤ ਇੱਥੇ ਚਾਰ ਇਤਿਹਾਸਕ ਗੁਰਦੁਆਰੇ ਹਨ। ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਪੋਹ ਦੇ ਮਹੀਨੇ ਸ਼ਹੀਦਾਂ ਦੀ ਯਾਦ 'ਚ 8, 9 ਤੇ 10 ਪੋਹ (22, 23 ਤੇ 24 ਦਸੰਬਰ ਇਸ ਵਾਰ) ਨੂੰ ਭਾਰੀ ਇਕੱਠ ਹੁੰਦੇ ਤੇ ਦੀਵਾਨ ਸਜਦੇ ਹਨ। ਨੀਲੇ ਦੇ ਸ਼ਾਹ ਸਵਾਰ ਦੇ ਕੁੱਝ ਪਲਾਂ ਦੀ ਛੋਹ ਨੇ ਮਾਛੀਵਾੜੇ ਦਾ ਜੰਗਲ ਸਦਾ ਲਈ ਅਮਰ ਕਰ ਦਿਤਾ। ਹਕੂਮਤ ਦਾ ਬਾਗ਼ੀ ਸਮਝ ਜਦ ਸੰਸਾਰ ਨੇ ਦਰਵਾਜ਼ੇ ਬੰਦ ਕਰ ਲਏ ਤਾਂ ਮਾਛੀਵਾੜੇ ਦਾ ਜੰਗਲ ਬਾਜ਼ਾਂ ਵਾਲੇ ਦੀ ਪਨਾਹ ਬਣ ਗਿਆ ਅਤੇ ਉਹ ਕੁੱਝ ਪਲਾਂ ਦੀ ਪਨਾਹ ਨੇ ਮਾਛੀਵਾੜੇ ਚਾਨਣ ਚਾਨਣ ਕਰ ਦਿਤਾ। ਮਾਛੀਵਾੜੇ ਦੀ ਸਰਦਲ ਉਪਰ ਪਤਾ ਨਹੀਂ ਕਿੰਨੀ ਕੁ ਦੁਨੀਆਂ ਸਿਰ ਝੁਕਾਉਣ ਆਉਂਦੀ ਹੈ ਅਤੇ ਆਉਂਦੀ ਰਹੇਗੀ ਕਿਉਂਕਿ ਮਾਛੀਵਾੜਾ ਅਥਾਹ ਦਰਦ ਅਪਣੀ ਹਿੱਕ ਵਿਚ ਸਾਂਭੀ ਬੈਠਾ ਹੈ। ਉਨ੍ਹਾਂ ਸਮਿਆਂ ਦਾ ਦਰਦ ਜਦ ਸੰਸਾਰ ਨੇ ਉਸ ਸ਼ਾਹ ਸਵਾਰ ਲਈ ਉਸ ਸਮੇਂ ਦਰਵਾਜ਼ੇ ਬੰਦ ਕਰ ਲਏ ਜਦ ਉਹ ਅਪਣੇ ਪੁੱਤਾਂ ਦੀਆਂ ਲਾਸ਼ਾਂ ਲੰਘ ਕੇ ਆ ਰਿਹਾ ਸੀ। ਜਿਸ ਦੀ ਇਕ ਝਲਕ ਲਈ ਸੰਸਾਰ ਤਰਸਦਾ ਸੀ, ਅੱਜ ਉਸ ਦੀ ਪਨਾਹਗਾਹ ਜੇ ਬਣਿਆ ਤਾਂ ਉਹ ਸੀ ਮਾਛੀਵਾੜੇ ਦੇ ਜੰਗਲ। ਧੰਨ ਹੋ ਗਿਆ ਮਾਛੀਵਾੜੇ ਦਾ ਜੰਗਲ। ਕਿਸੇ ਸ਼ਾਇਰ ਦੀ ਕਲਮ ਨੇ ਸੱਚ ਲਿਖਿਆ ਹੈ ਕਿ...

ਮਾਛੀਵਾੜੇ ਦੇ ਜੰਗਲਾਂ 'ਚ ਚਰਨ ਪਾਏ,
ਤੇਰੀ ਛੋਹ ਨਾਲ ਉਹ ਜੰਗਲ ਆਬਾਦ ਹੋ ਗਿਆ।
ਜਿਸ ਜੰਡ ਹੇਠ ਕੀਤਾ ਬਿਸ਼ਰਾਮ ਦਾਤਾ,
ਉਹ ਸਵਰਗਾਂ ਤੋਂ ਸੋਹਣਾ ਜਿਹਾ ਖ਼੍ਵਾਬ ਹੋ ਗਿਆ।
ਜਿਸ ਖੂਹ ਦੀ ਸਿਰ੍ਹਾਣੇ ਦੀ ਥਾਂ ਟਿੰਡ ਵਰਤੀ,
ਜਲ ਉਸ ਦਾ ਹਯਾਤ ਵਾਲਾ ਆਬ ਹੋ ਗਿਆ।
ਗਨੀ ਖ਼ਾਂ, ਨਬੀ ਖ਼ਾਂ ਜਿਸ ਨੇ ਵੀ ਕੀਤੀ ਸੇਵਾ,
ਰੁਤਬਾ ਇਤਹਾਸ 'ਚ ਉਨ੍ਹਾਂ ਦਾ ਲਾਜਵਾਬ ਹੋ ਗਿਆ।
ਮੈਂ ਸੁਣਿਆਂ ਟਿੱਬਾ ਸੀ ਕਦੇ ਝਾੜੀਆਂ ਦਾ,
ਅੱਖੀਂ ਤੱਕਿਆ ਉਹ ਮਹਿਕਦਾ ਗੁਲਾਬ ਹੋ ਗਿਆ।
ਕੌਡੀ ਕਦਰ ਸੀ ਨਿਮਾਣੀ ਜਿਸ ਧਰਤੀ ਦੀ,
ਵਰ ਪਾ ਕੇ ਤੇਰਾ ਮੁੱਲ ਬੇਹਿਸਾਬ ਹੋ ਗਿਆ।
ਨਿੱਕਾ ਕਸਬਾ ਹੁੰਦਾ ਸੀ ਕਦੇ ਮਾਛੀਵਾੜਾ,
ਜੀਤੇ ਨੱਤਿਆ ਉਹ 'ਮਾਛੀਵਾੜਾ ਸਾਹਿਬ' ਹੋ ਗਿਆ।

ਅਮਰਜੀਤ ਸਿੰਘ ਢਿੱਲੋਂ
(ਮਾਛੀਵਾੜਾ ਸਾਹਿਬ), ਮੋ.98883-47068

## ਠੰਢੇ ਬੁਰਜ 'ਚ ਇੱਕ ਦਿਨ ਦਾਦੀ ਮਾਤਾ

ਠੰਢੇ ਬੁਰਜ ਵਿਚ ਇੱਕ ਦਿਨ ਦਾਦੀ ਮਾਤਾ,
ਪਈ ਹੱਸ ਹੱਸ ਬੱਚਿਆਂ ਨੂੰ ਤੋਰੇ ।
ਨਾਲੇ ਦੇਵੇ ਪਈ ਤਸੱਲੀਆਂ, ਮਾਸੂਮਾਂ ਨੂੰ, ਜਿੰਦੇ ਨੀ
ਨਾਲੇ ਵਿੱਚੇ ਵਿਚ ਆਂਦਰਾਂ ਨੂੰ ਖ਼ੋਰੇ ।
ਮੂੰਹੋਂ ਆਖੇ ਮੇਰੇ ਫੁੱਲੋ ਵੇ ਤੁਹਾਨੂੰ,
ਤੱਤੀ ਵਾਅ ਪੱਤਝੜ ਦੀ ਨਾ ਲੱਗੇ ।
ਨਾਲੇ ਚੁੰਮ ਚੁੰਮ ਮੂੰਹ ਮੀਟੇ ਕਲੀਆਂ ਦੇ
ਲਾਵੇ ਮੌਤ ਮਰ ਜਾਣੀ ਦੇ ਪਈ ਅੱਗੇ ।

ਆਖੇ ਮੰਜ਼ਿਲਾਂ ਦੁਰਾਡੀਆਂ ਦੇ ਰਾਹੀਓ,
ਪੰਧ ਬਿਖੜੇ 'ਚ ਨਹੀਂ ਜੇ ਘਬਰਾਣਾ ।
ਮਿਲਦਾ ਸਮਾਂ ਨਹੀਂ ਜੇ ਲੱਖੀਂ ਤੇ ਕਰੋੜੀਂ,
ਹੱਥ ਆਇਆ ਹੈ ਤੇ ਇਹਨੂੰ ਨਹੀਂ ਗਵਾਣਾ ।
ਮੇਰੇ ਸੋਹਣੇ ਦਸਮੇਸ਼ ਦਿਓ ਹੀਰਿਓ,
ਮੁੱਲ ਤੇਗਾਂ ਉੱਤੇ ਆਪਣਾ ਪਵਾਣਾ ।
ਚਿੱਟੀ ਉੱਜਲੀ ਹੈ ਪੱਗ ਤੁਹਾਡੇ ਬਾਬੇ ਦੀ,
ਮੇਰੇ ਬੱਚਿਓ ਨਾ ਦਾਗ ਕਿਧਰੇ ਲਾਣਾ ।

ਜੇ ਕੋਈ ਮਾਰੇ ਮੌਤ ਚੰਦਰੀ ਦਾ ਦਾਬਾ,
ਉਹਨੂੰ ਕਹਿਣਾ ਇਹ ਤਾਂ ਸਾਡੇ ਘਰ ਦੀ ਗੋਲੀ ।
ਅਸਾਂ ਬੰਨ੍ਹ ਕੇ ਸ਼ਹੀਦੀਆਂ ਦੇ ਗਾਨੇ,
ਏਸੇ ਮੌਤ ਦੀ ਲਿਆਉਣੀ ਅੱਜ ਡੋਲੀ ।
ਜੇ ਕੋਈ ਫਾਂਸੀ ਵਾਲਾ ਡਰ ਭੈੜਾ ਦੱਸੇ,
ਉਹਨੂੰ ਕਹਿਣਾ ਇਹ ਜ਼ਿੰਦਗੀ ਦੀ ਬੂਟੀ ।
ਇਹ ਪੀਂਘ ਮਨਸੂਰਾਂ ਦੀ ਪੁਰਾਣੀ,
ਸਾਡੇ ਵੱਡਿਆਂ ਨੇ ਲੱਖਾਂ ਵਾਰੀ ਝੂਟੀ।

### 2. ਸਿੰਘਾ ਜੇ ਚੱਲਿਆ ਚਮਕੌਰ ।

ਓਥੇ ਸੁੱਤੇ ਨੀ ਦੋ ਭੌਰ ।
ਧਰਤੀ ਚੁੰਮੀਂ ਕਰਕੇ ਗੌਰ ।
ਤੇਰੀ ਜ਼ਿੰਦੜੀ ਜਾਊ ਸੌਰ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਜੇ ਚੱਲਿਆ ਸਰਹੰਦ ।
ਓਥੇ ਉੱਸਰੀ ਖ਼ੂਨੀ ਕੰਧ ।
ਜਿਸ ਵਿਚ ਲੇਟੇ ਨੀ ਦੋ ਚੰਦ ।
ਕਲਗੀਵਾਲੇ ਦੇ ਨੇ ਫਰਜ਼ੰਦ ।
ਦਰਸ਼ਨ ਪਾ ਕੇ ਹੋਈਂ ਅਨੰਦ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਚੱਲਿਆਂ ਅਨੰਦਪੁਰ ਸ਼ਹਿਰ ।
ਓਥੇ ਵਗਦੀ ਊ ਸਰਸਾ ਨਹਿਰ ।
ਆਖੀਂ ਪੈ ਜੇ ਤੈਨੂੰ ਕਹਿਰ ।
ਤੇਰੇ ਪਾਣੀ ਦੇ ਵਿਚ ਜ਼ਹਿਰ ।
ਕੀਤਾ ਨਾਲ ਗੁਰਾਂ ਦੇ ਵੈਰ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪਰਭਾਤਾਂ ।
ਸਿੰਘਾ ਚੱਲਿਆਂ ਮਾਛੀਵਾੜੇ ।
ਓਥੇ ਆਖੀਂ ਕਰ ਕਰ ਹਾੜੇ ।
ਤੇਰੇ ਫੁੱਟ ਨੇ ਬਾਗ ਉਜਾੜੇ ।
ਤੇਰੇ ਬਾਝ ਨਾ ਮੁਕਣ ਪੁਆੜੇ ।
ਕਲਗੀਧਰ ਦੀਆਂ ਪਾਈਏ ਬਾਤਾਂ ।
ਜੀਹਨੇ ਦੇ ਪੁੱਤਰਾਂ ਦੀਆਂ ਦਾਤਾਂ ।
ਦੇਸ਼ 'ਚੋਂ ਕੱਢੀਆਂ ਨ੍ਹੇਰੀਆਂ ਰਾਤਾਂ ।
ਮਹਿੰਗੇ ਮੁੱਲ ਲਈਆਂ ਪ੍ਰਭਾਤਾਂ।

ਕਰਤਾਰ ਸਿੰਘ
ਬਲੱਗਣ

BUY I SELL I INVEST
TEAM GILL



Amarjit Sangha
Sales Representative
905-874-9600
Shamsher Gill
Sales Representative
905-744-4400
Simrat Grewal
Sales Representative
416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon,
Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING
INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE
HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ "ਵੀਰ ਬਾਲ ਦਿਵਸ" ਕਹਿਣਾ:

## ਕੀ ਸਿੱਖ ਮਰਿਆਦਾ ਨਾਲ ਖਿਲਵਾੜ ਨਹੀਂ ?

ਸਿੱਖ ਇਤਿਹਾਸ ਵਿੱਚ ਸ਼ਹਾਦਤ ਦੇ ਸੰਕਲਪ ਪੱਖੋਂ ਪੋਹ (ਦਸੰਬਰ– ਜਨਵਰੀ) ਦਾ ਮਹੀਨਾ ਬਹੁਤ ਮਹੱਤਵਪੂਰਨ ਹੈ। ਇਸ ਮਹੀਨੇ ਦੇ ਇੱਕ ਹਫਤੇ ਦੇ ਵਿੱਚ ਵਿੱਚ ਹੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ, ਅਤੇ ਮਾਤਾ ਗੁਜਰੀ ਜੀ ਨੇ ਸ਼ਹੀਦੀ ਪ੍ਰਾਪਤ ਕੀਤੀ। ਛੇ ਪੋਹ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਾਰ ਸਮੇਤ ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ ਛੱਡਿਆ। ਸੱਤ ਪੋਹ ਨੂੰ ਸਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਦਾ ਪਰਿਵਾਰ ਵੰਡਿਆ ਗਿਆ। ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਗੜੀ ਪਹੁੰਚੇ। ਦੂਜੇ ਪਾਸੇ ਸੱਤ ਪੋਹ ਦੀ ਰਾਤ ਨੂੰ ਹੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਸਰਸਾ ਨਦੀ ਕਿਨਾਰੇ ਕੁੰਮੇ ਮਸ਼ਕੀ ਦੀ ਝੋਪੜੀ ਵਿੱਚ ਠਹਿਰੇ। ਅੱਠ ਪੋਹ ਨੂੰ ਚਮਕੌਰ ਦੀ ਗੜੀ ਵਿੱਚ ਜੰਗ ਹੋਈ, ਜਿੱਥੇ ਦੋਨੋਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਮੁਗਲ ਫੌਜਾਂ ਨਾਲ 'ਸਵਾ ਲਾਖ ਸੇ ਏਕ ਲੜਾਊ' ਦੇ ਕਥਨ ਨੂੰ ਅਸਲੀ ਜਾਮਾ ਪਹਿਨਾਉਂਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਅੱਠ ਪੋਹ ਨੂੰ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਦੀ ਝੋਪੜੀ ਵਿੱਚ ਰਹੇ। ਗੰਗੂ ਬ੍ਰਾਹਮਣ ਦੀ ਨਮਕ ਹਰਾਮੀ ਕਰਨ ਕਰਕੇ ਮਾਤਾ ਗੁਜਰੀ ਅਤੇ ਦੋਨਾਂ ਛੋਟੇ ਸਾਹਿਬਜ਼ਾਦਿਆਂ ਨੂੰ ਨੌ ਪੋਹ ਦੀ ਰਾਤ ਮੋਰਿੰਡਾ ਜੇਲ ਵਿੱਚ ਗੁਜ਼ਾਰਨੀ ਪਈ। 10, 11 ਅਤੇ 12 ਪੋਹ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਠੰਡੇ ਬੁਰਜ ਸਰਹੰਦ (ਹੁਣ ਸ੍ਰੀ ਫਤਿਹਗੜ੍ਹ ਸਾਹਿਬ) ਵਿੱਚ ਰੱਖੇ ਗਏ। ਇਹਨਾਂ ਦਿਨਾਂ ਦੌਰਾਨ ਸਰਹੰਦ ਦੇ ਨਵਾਬ ਵਜ਼ੀਰ ਖਾਂ ਦੀ ਅਦਾਲਤ ਵਿੱਚ ਦੋਨਾਂ ਸਾਹਿਬਜ਼ਾਦਿਆਂ ਦੀ ਪੇਸ਼ੀ ਹੋਈ ਅਤੇ ਉਹਨਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ ਗਿਆ। ਸਿਰਫ ਨੌ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸੱਤ ਸਾਲ ਦੀ ਉਮਰ ਦੇ ਸਾਹਿਬਜ਼ਾਦਾ ਫਤਿਹ ਸਿੰਘ ਨੇ ਜਦੋਂ ਆਪਣੇ ਸਿੱਖ ਧਰਮ ਵਿੱਚ ਪਰਪਕਤਾ ਦਿਖਾਈ ਅਤੇ ਇਸਲਾਮ ਧਰਮ ਕਬੂਲ ਕਰਨ ਤੋਂ ਸਾਫ ਇਨਕਾਰ ਕੀਤਾ ਤਾਂ ਉਹਨਾਂ ਉੱਪਰ ਅਸਹਿ ਤਰੀਕੇ ਦੇ ਤਸੀਹਿਆਂ ਨਾਲ ਤਸ਼ੱਦਦ ਕੀਤਾ ਗਿਆ। ਪਹਿਲਾਂ ਉਹਨਾਂ ਨੂੰ ਨੀਹਾਂ ਵਿੱਚ ਚਣਵਾਇਆ ਗਿਆ, ਪਰ ਜਦੋਂ ਉਹ ਫੇਰ ਵੀ ਇਸਲਾਮ ਨੂੰ ਕਬੂਲ ਕਰਨ ਲਈ ਨਹੀਂ ਮੰਨੇ ਤਾਂ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਦੁਨੀਆ ਵਿੱਚ ਇਹ ਪਹਿਲੀ ਮਿਸਾਲ ਹੈ ਕਿ ਜਦੋਂ ਇਨੀ ਛੋਟੀ ਉਮਰ ਉਮਰ ਵਿੱਚ ਆਪਣੇ ਧਰਮ ਦੀ ਖਾਤਰ ਉਹਨਾਂ ਗੁਰੂ ਦੇ ਲਾਲਾਂ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਸਾਹਿਬਜ਼ਾਦਿਆਂ ਦੀ ਇਹ ਕੁਰਬਾਨੀ ਦੁਨੀਆ ਦੇ ਇਤਿਹਾਸ ਵਿੱਚ ਲਾਸਾਨੀ ਅਤੇ ਅਦੁਤੀ ਸ਼ਹਾਦਤ ਵਜੋਂ ਜਾਣੀ ਜਾਂਦੀ ਹੈ। ਛੋਟੇ ਸਾਹਿਬਜ਼ਾਦੇ ਨੀਹਾਂ ਵਿੱਚ ਚਿਣੇ ਜਾਣ ਤੋਂ ਬਾਅਦ ਸਿੱਖ ਧਰਮ ਦੀਆਂ ਨੀਹਾਂ ਮਜਬੂਤ ਕਰ ਗਏ। ਇਸ ਕਰਕੇ ਸੰਗਤ ਇਸ ਸ਼ਹਾਦਤ ਨੂੰ 'ਨਿੱਕੀਆਂ ਜਿੰਦਾਂ ਵੱਡਾ ਸਾਕਾ' ਕਰਕੇ ਸਿਰ ਨਿਵਾਉਂਦੀਆਂ ਆ ਰਹੀਆਂ ਹਨ।

ਹੁਣ ਗੱਲ ਕਰਦੇ ਹਾਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ "ਵੀਰ ਬਾਲ", ਵਜੋਂ ਕਹੇ ਜਾਣ ਦੀ। ਅਸਲ ਵਿੱਚ ਕਿਸੇ ਕੌਮ ਨੂੰ ਖਤਮ ਕਰਨ ਲਈ ਟੈਂਕ, ਤੋਪਾਂ ਜਾਂ ਬਰੂਦ ਦੀ ਲੋੜ ਨਹੀਂ ਪੈਂਦੀ। ਉਸ ਕੌਮ ਦਾ ਇਤਿਹਾਸ ਖ਼ਰਾਬ ਕਰ ਦਿਓ, ਉਸ ਦੀ ਮਾਂ ਬੋਲੀ ਖ਼ਤਮ ਕਰ ਦਿਓ, ਉਹ ਕੌਮ ਆਪਣੇ ਆਪ ਸਮੇਂ ਨਾਲ ਖਤਮ ਹੋ ਜਾਵੇਗੀ। ਭਾਰਤ ਵਿੱਚ ਸਿੱਖ ਕੌਮ ਘੱਟ ਗਿਣਤੀ ਵਿੱਚ ਹੈ। ਇਹ ਭਾਰਤ ਦੀ ਕੁਲ ਆਬਾਦੀ ਦਾ ਸਿਰਫ 1.7% (2011) ਹਿੱਸਾ ਹੈ। ਇਹ ਭਾਵੇਂ ਕਹਿਣ ਨੂੰ ਪੰਜਾਬ ਵਿੱਚ ਬਹੁਤ ਗਿਣਤੀ ਵਿੱਚ ਹੈ, ਪਰ ਸਮਾਂ ਬੀਤਣ ਨਾਲ ਇਸ ਦੀ ਗਿਣਤੀ ਘੱਟਦੀ ਜਾ ਰਹੀ ਹੈ। ਦੁਨੀਆਂ ਵਿੱਚ ਖਾਸ ਤੌਰ ਤੇ ਭਾਰਤ ਵਿੱਚ ਬਹੁ ਗਿਣਤੀ ਧਾਰਮਿਕ ਸਮੂਹ ਨੂੰ ਇਹ ਪਤਾ ਹੈ ਕਿ ਸਿੱਖ ਕੌਮ ਯੋਧਿਆਂ ਅਤੇ ਸੂਰਵੀਰਾਂ ਦੀ ਕੌਮ ਹੈ, ਜਿਸ ਦਾ ਮੁੱਖ ਨਿਸ਼ਚਾ ਭਾਵੇਂ ਸਰਬੱਤ ਦਾ ਭਲਾ ਹੈ, ਪਰ ਇਹ ਕੌਮ ਨਾ ਆਪਣੇ ਤੇ ਜੁਲਮ ਜਾਂ ਅਨਿਆਏ ਸਹਿੰਦੀ ਹੈ, ਨਾ ਹੀ ਕਿਸੇ ਹੋਰ ਉੱਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਪੁਕਾਰ ਤੇ ਉਹਨਾਂ ਦਾ ਹਿੰਦੂ ਧਰਮ ਬਚਾਉਣ ਲਈ ਖ਼ੁਦ ਦਿੱਲੀ ਜਾ ਕੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ, ਜੋ ਇਕ ਵਿਲੱਖਣ ਇਤਿਹਾਸਿਕ ਮਿਸਾਲ ਹੈ। ਜਿਥੇ ਦੋਨੋਂ ਵੱਡੇ ਸਾਹਿਬਜ਼ਾਦਿਆਂ ਨੇ ਚਮਕੌਰ ਦੀ ਗੜੀ ਵਿੱਚ ਮੁਗ਼ਲ ਫੌਜਾਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ, ਉਥੇ ਹੀ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਤੋਂ ਇਸਲਾਮ ਵਿੱਚ ਪਰਿਵਰਤਿਤ ਹੋ ਕੇ ਆਪਣੀ ਜ਼ਿੰਦਗੀ ਬਚਾਉਣ ਦੀ ਬਜਾਏ ਅਣਮਨੁੱਖੀ ਤਸੀਹੇ ਸਹਿੰਦੇ ਹੋਏ, ਸਿੱਖ ਧਰਮ ਲਈ ਆਪਣੀ ਸ਼ਹਾਦਤ ਦੇਣਾ ਕਬੂਲ ਕੀਤਾ। ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਇਹ ਇੱਕੋ ਇੱਕ ਅਜਿਹੀ ਉਦਾਹਰਨ ਹੈ, ਜਿੱਥੇ ਨੌ ਅਤੇ ਸੱਤ ਸਾਲ ਦੇ ਮਾਸੂਮ ਸਾਹਿਬਜ਼ਾਦਿਆਂ ਨੇ ਸਿੱਖ ਧਰਮ ਦੀ ਰਾਖੀ ਲਈ ਸ਼ਹਾਦਤ ਦਾ ਜਾਮ ਪੀਤਾ। ਇਹ ਠੀਕ ਹੈ ਕਿ ਭਾਵੇਂ ਸਿੱਖਾਂ ਨੂੰ 1947 ਤੋਂ ਭਾਰਤ ਦੀ ਆਜ਼ਾਦੀ ਮਿਲਣ ਤੋਂ ਬਾਅਦ ਉਹਨਾਂ ਨੂੰ ਆਪਣਾ ਬਣਦਾ ਹੱਕ ਨਹੀਂ ਮਿਲਿਆ, ਪਰ ਪਿਛਲੇ ਦਹਾਕੇ ਵਿੱਚ ਭਾਰਤ ਵਿੱਚ ਸ਼ੁਰੂ ਹੋਈ ਫਿਰਕੂਵਾਦ ਦੀ ਲਹਿਰ ਵਿੱਚ ਸਿੱਖਾਂ ਦੀ ਆਜ਼ਾਦ ਹਸਤੀ ਨੂੰ ਹੋਰ ਖਤਰਾ ਪੈਦਾ ਹੋ ਗਿਆ ਹੈ। ਸਾਨੂੰ ਸਭ ਨੂੰ ਪਤਾ ਹੈ ਕਿ ਕਿਸ ਤਰੀਕੇ ਦੇ ਨਾਲ ਬਹੁ ਗਿਣਤੀ ਧਾਰਮਿਕ ਸਮੂਹ ਸਿੱਖਾਂ ਨੂੰ ਆਪਣਾ ਹਿੱਸਾ ਦਰਸਾਉਣ ਲਈ ਕੋਝੀਆਂ ਚਾਲਾਂ ਚੱਲ ਰਿਹਾ ਹੈ। ਇਹ ਵੀ ਸੱਚ ਹੈ ਕਿ ਇਹ ਲੋਕ ਭਲੀ ਭਾਂਤ ਜਾਣਦੇ ਹਨ ਕਿ ਸਿੱਖਾਂ ਨੂੰ ਸਾਹਮਣੇ ਤੋਂ ਜ਼ਬਰਦਸਤੀ ਨਾਲ ਨਹੀਂ ਮਿਟਾਇਆ ਜਾ ਸਕਦਾ। ਇਸ ਕਰਕੇ ਉਹ ਸਿੱਖੀ ਦੇ ਬੂਟੇ ਨੂੰ ਕੱਟਣ ਦੀ ਬਜਾਏ ਜੜਾਂ ਵਿੱਚ ਤੇਲ ਪਾ ਕੇ ਚੁੱਪ ਚੁਪੀਤੇ ਇਸ ਨੂੰ ਸੁਕਾਉਣ ਤੇ ਲੱਗੇ ਹੋਏ ਹਨ। ਪਿਛਲੇ ਕੁਝ ਸਾਲਾਂ ਵਿੱਚ ਅਸੀਂ ਵੇਖਿਆ ਹੈ ਕਿ ਇਹ ਸਮੂਹ ਕਿਸ ਤਰ੍ਹਾਂ ਜ਼ਮੀਰੋਂ ਮਰ ਚੁੱਕੇ ਸਿੱਖ ਵਿਕਾਊ ਲੀਡਰਾਂ ਨੂੰ ਲਾਲਚ ਦੇ ਕੇ ਜਾਂ ਮਹੱਤਵਪੂਰਨ ਪਦਵੀ ਦੇ ਕੇ ਜਾਂ ਡਰਾ ਧਮਕਾ ਕੇ ਆਪਣੇ ਖੇਮੇ ਵਿੱਚ ਕਰ ਰਹੇ ਹਨ। ਉਹਨਾਂ ਵੱਲੋਂ ਸਿੱਖਾਂ ਵਿੱਚ ਖਾਨਾ ਜੰਗੀ ਕਰਵਾ ਕੇ ਅਤੇ ਆਪਸ ਵਿੱਚ ਲੜਵਾ ਕੇ ਆਪਣੀਆਂ ਸਿਆਸੀ ਅਤੇ ਧਾਰਮਿਕ ਰੋਟੀਆਂ ਸੇਕਣ ਦਾ ਚੰਗਾ ਤਰੀਕਾ ਅਪਣਾਇਆ ਜਾ ਰਿਹਾ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸਿੱਖਾਂ ਨੂੰ ਬਾਹਰੀ ਦੁਸ਼ਮਣਾਂ ਤੋਂ ਉਨਾ ਖਤਰਾ ਨਹੀਂ ਹੈ, ਜਿੰਨਾ ਆਪਣੇ ਅੰਦਰੋਂ ਬੇਜ਼ਮੀਰ ਗ਼ਦਾਰਾਂ ਤੋਂ ਹੈ। ਇਸ ਲਈ ਸਮੇਂ ਦੀ ਲੋੜ ਹੈ ਕਿ ਇਹਨਾਂ ਜ਼ਮੀਰੋਂ ਮਰ ਚੁੱਕੇ ਲਾਲਚੀ ਧਾਰਮਿਕ ਅਤੇ ਰਾਜਸੀ ਨੇਤਾਵਾਂ ਜਾਂ ਸ਼ਖਸ਼ੀਅਤਾਂ ਨੂੰ ਪਹਿਚਾਨਣ ਦੀ।



ਭਾਵੇਂ ਕਿ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਧੁੰਦਲਾ ਕਰਨ ਦੀ ਕੋਸ਼ਿਸ਼ ਜਨਵਰੀ 2022 ਵਿੱਚ ਕੀਤੀ ਗਈ, ਜਦੋਂ ਉਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਅਦੁੱਤੀ ਸ਼ਹਾਦਤ ਨੂੰ "ਵੀਰ ਬਾਲ ਦਿਵਸ" ਵਜੋਂ ਐਲਾਨਿਆ , ਪਰ ਮੇਰੇ ਵੱਲੋਂ ਸਿੱਖ ਸੰਗਤ ਨੂੰ ਇਸ "ਬਾਲ ਦਿਵਸ" ਬਾਰੇ ਘੜੀ ਜਾ ਰਹੀ ਸਾਜਿਸ਼ ਬਾਰੇ ਸੁਚੇਤ ਕਰਨ ਲਈ ਅਖਬਾਰਾਂ ਵਿੱਚ ਇੱਕ ਲੇਖ ਜਿਸ ਦਾ ਸਿਰਲੇਖ ਸੀ, "ਇੱਕ ਖੁੱਲਾ ਖੱਤ ਸਿੱਖ ਸੰਗਤ ਦੇ ਨਾਮ: ਬਾਲ ਦਿਵਸ ਵਜੋਂ ਮਨਾਉਣ ਦੀ ਮੰਗ ਪਿੱਛੇ ਸਾਜਸ਼ੀ ਮਨਸੇ" ਛਾਪਿਆ ਗਿਆ ਸੀ, ਜਿਸ ਦੇ ਕੁਝ ਅੰਸ਼ ਇਸ ਤਰਾਂ ਸਨ, "ਮੈਂ ਇਸ ਖਤ ਰਾਹੀਂ ਹਰ ਉਸ ਨਾਨਕ ਨਾਮ ਲੇਵਾ ਨੂੰ ਸੰਬੋਧਿਤ ਹਾਂ, ਜੋ ਨਿਰਸਵਾਰਥ ਭਾਵਨਾ ਨਾਲ ਖਾਲਸਾ ਇਤਿਹਾਸ, ਖਾਲਸਾਈ ਆਨ ਬਾਨ ਸ਼ਾਨ ਨੂੰ ਨਿੱਜਸਵਾਰਥ ਤੋਂ ਹੱਟ ਕੇ ਸਹੀ ਅਰਥਾਂ ਵਿੱਚ ਸਵੀਕਾਰਦਾ ਅਤੇ ਸਤਿਕਾਰਦਾ ਹੈ। ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੇ ਸ਼ਹੀਦੀ ਹਫ਼ਤੇ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਮਨਾ ਰਹੇ ਹਾਂ। ਇਸ ਹਫਤੇ ਨੂੰ ਦੁਨੀਆਂ ਭਰ ਵਿੱਚ ਬਹੁਤ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਕੁਝ ਅਖੌਤੀ ਸਿੱਖਾਂ ਦੀ ਦਿੱਲੀ ਵਿੱਚ ਬੈਠੇ ਲੀਡਰ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ 28 ਦਸੰਬਰ ਨੂੰ 'ਬਾਲ ਦਿਵਸ' ਵਜੋਂ ਮਨਾਉਣ ਦੀ ਮੰਗ ਸਾਜਿਸ਼ ਤਹਿਤ ਕੀਤੀ ਜਾ ਰਹੀ ਹੈ। ਇਸ ਵਿੱਚ ਕੁਝ ਕੁ ਅਖੌਤੀ ਸਿੱਖਾਂ ਦੀ ਲੀਡਰਸ਼ਿਪ ਵੀ ਸ਼ਾਮਿਲ ਹੈ। ਮੈਂ ਇਸ ਖੁੱਲੇ ਖਤ ਰਾਹੀਂ ਇਸ ਸਾਜਿਸ਼ ਤੋਂ ਸੁਚੇਤ ਕਰਨ ਲਈ ਸਮੂਹ ਸੰਗਤ ਨੂੰ ਮੁਖਾਤਿਬ ਹਾਂ....ਸਾਹਿਬਜ਼ਾਦਿਆਂ ਦੀ ਕੁਰਬਾਨੀ ਦੁਨੀਆਂ ਦੇ ਇਤਿਹਾਸ ਵਿੱਚ ਲਾਸਾਨੀ ਸ਼ਹਾਦਤ ਵਜੋਂ ਅਨੋਖੀ ਮਿਸਾਲ ਹੈ। ਨੌ ਸਾਲ ਅਤੇ ਸੱਤ ਸਾਲ ਦੇ ਗੁਰੂ ਦੇ ਲਾਲਾਂ ਨੇ ਆਪਣੇ ਧਰਮ ਖਾਤਰ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਮੈਂ ਇਹਨਾਂ ਸਤਰਾਂ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਪਿਛੋਕੜ ਦੀ ਕੁਰਬਾਨੀ ਨਹੀਂ ਦੱਸ ਰਿਹਾ ਸਗੋਂ ਸਾਹਿਬਜ਼ਾਦਿਆਂ ਦੇ ਨਾਮ ਤੇ ਰਚੀ ਜਾ ਰਹੀ ਡੂੰਘੀ ਸਾਜਿਸ਼ ਜਾਂ ਕੁਝ ਬਕਾਊ ਨੇਤਾਵਾਂ ਦੁਆਰਾ ਰਚੀ ਜਾ ਰਹੀ ਸਾਜਿਸ਼ ਤੋਂ ਆਗਾਹ ਕਰ ਰਿਹਾ ਹਾਂ। ਪਿਛਲੇ ਕੁਝ ਸਮੇਂ ਤੋਂ ਕੁਝ ਰਾਜਨੀਤਿਕ ਨੇਤਾ ਅਤੇ ਅਖੌਤੀ ਧਾਰਮਿਕ ਜਥੇਬੰਦੀਆਂ ਇਸ ਦਿਨ ਨੂੰ ਬਾਲ ਦਿਵਸ ਦਾ ਨਾਮ ਦੇਣਾ ਚਾਹੁੰਦੀਆਂ ਹਨ। ਇਹ ਰਾਜਨੀਤਿਕ ਅਤੇ ਅਖੌਤੀ ਧਾਰਮਿਕ ਲੋਕ ਸਿੱਖ ਧਰਮ ਦੀ ਵੱਡਮੁੱਲੀ ਸ਼ਾਖ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ.... ਦਿੱਲੀ ਦੀ ਸਿੱਖ ਲੀਡਰਸ਼ਿਪ, ਜਿਸ ਸਬੰਧੀ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਹ ਸਵੇਰ ਨੂੰ ਕੋਟ ਟਾਈ ਲਾ ਕੇ ਨਿਕਲਦੀ ਹੈ ਅਤੇ ਸੋਚਦੀ ਹੈ ਕਿ ਸਿੱਖੀ ਕਿਸ ਤਰਾਂ ਵੇਚੀ ਜਾ ਸਕਦੀ ਹੈ। ਉਹ ਲੀਡਰਸ਼ਿਪ ਇਸ ਭੂਮਿਕਾ ਵਿੱਚ ਵੱਡੀ ਭੂਮਿਕਾ ਨਿਭਾਉਣ ਲਈ ਪੱਬਾਂ ਭਾਰ ਹੈ। ਮੈਂ ਦਿੱਲੀ ਦੀ ਸਿੱਖ ਸੰਗਤ ਨੂੰ ਸੁਚੇਤ ਰੂਪ ਕਹਿ ਰਿਹਾ ਹਾਂ ਕਿ ਸਿੱਖ ਮਰਿਆਦਾ ਅਤੇ ਸਿੱਖੀ ਆਨ ਬਾਨ ਸ਼ਾਨ ਲਈ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਸਿਰਫ ਤੇ ਸਿਰਫ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਜੋਂ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਜਾਰੀ ਰੱਖੀ ਜਾਵੇ।

ਮੇਰੀ ਇਹ ਮੰਗ ਅਤੇ ਬੇਨਤੀ ਹੈ ਕਿ ਆਉ, ਸੁਚੇਤ ਰੂਪ ਵਿੱਚ ਜਾਗਰੂਕ ਹੋ ਕੇ ਖੁੱਲੀਆਂ ਅੱਖਾਂ ਨਾਲ ਇਸ ਸਾਜਿਸ਼ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਅਤੇ ਆਪਣੇ ਧਰਮ ਨੂੰ ਇਸ ਸੌੜੀ ਰਾਜਨੀਤੀ ਅਤੇ ਕੋਝੀ ਸੋਚ ਤੋਂ ਦੂਰ ਰੱਖਦੇ ਹੋਏ ਆਪਣੇ ਇਤਿਹਾਸ ਦੀ ਮਹਾਨਤਾ ਅਤੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਮਨਾਉਣ ਦੀ ਪਰੰਪਰਾ ਨੂੰ ਜਾਰੀ ਰੱਖੀਏ ਅਤੇ ਕੇਂਦਰ ਸਰਕਾਰ ਤੋਂ ਮੰਗ ਕਰੀਏ ਕਿ ਇਸ ਦਿਨ ਨੂੰ ਸਾਰੇ ਦੇਸ਼ ਵਿੱਚ ਸਾਹਿਬਜ਼ਾਦਾ ਸ਼ਹੀਦੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰੇ।" ਅਫਸੋਸ, ਕਿਸੇ ਵੀ ਸਿੱਖ ਸੰਸਥਾ, ਸਿੱਖ ਨੇਤਾ ਜਾ ਸਿੱਖ ਧਾਰਮਿਕ ਸਮਾਜ ਵੱਲੋਂ ਉਸ ਵਕਤ ਮੇਰੀ ਇਸ ਬੇਨਤੀ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਦੋ ਸਾਲ ਬਾਅਦ ਪੂਰੀ ਗਿਣੀ ਮਿਥੀ ਸਾਜਿਸ਼ ਅਧੀਨ ਸਿੱਖ ਧਰਮ ਦੀ ਆਨ ਬਾਨ ਤੇ ਸ਼ਾਨ, ਸਾਹਿਬਜ਼ਾਦਿਆਂ ਦੇ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ 'ਵੀਰ ਬਾਲ ਦਿਵਸ' ਦਾ ਚੋਲਾ ਪਹਿਨਾ ਦਿੱਤਾ ਗਿਆ।

ਇਹ ਠੀਕ ਹੈ ਕਿ 25–26 ਦਸੰਬਰ 2022 ਦੀਆਂ ਅਖਬਾਰਾਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ "ਵੀਰ ਬਾਲ ਦਿਵਸ" ਨੂੰ ਰੱਦ ਕਰਦਿਆਂ, ਸਿੱਖ ਇਤਿਹਾਸ ਛੁਟਿਆਉਣ ਵਾਲੀ ਸਰਕਾਰੀ ਚਾਲ ਤੋਂ ਸੰਗਤ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਅਤੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਦੇ ਇਤਿਹਾਸ ਨੂੰ ਰਲਗੱਡ ਕਰਨ ਦੇ ਰਾਹ ਤੁਰੀ ਹੋਈ ਹੈ ਅਤੇ ਦੁੱਖ ਦੀ ਗੱਲ ਇਹ ਹੈ ਕਿ ਦਿੱਲੀ ਕਮੇਟੀ ਦਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਵਿੱਚ ਸਹਿਯੋਗ ਕਰ ਰਹੇ ਹਨ। ਉਹਨਾਂ ਕਿਹਾ ਕਿ ਸਿੱਖ ਕੌਮ ਦੀਆਂ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹਾਦਤ ਦਿਵਸ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣਾ ਦੁਨੀਆ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਜੀ ਸਾਜਿਸ਼ ਹੈ।"

ਇੱਥੇ ਇਹ ਜਾਨਣਾ ਵੀ ਜਰੂਰੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਆਦੇਸ਼ ਤੇ ਸਿੱਖ ਵਿਦਵਾਨਾਂ ਦੀ ਕਮੇਟੀ ਵੱਲੋਂ 'ਵੀਰ ਬਾਲ ਦਿਵਸ' ਦੀ ਥਾਂ ਤੇ ਸਾਹਿਬਜ਼ਾਦਾ ਸ਼ਹਾਦਤ ਦਿਵਸ ਨਾਮ ਸੁਝਾਇਆ ਗਿਆ ਸੀ ਅਤੇ ਇਸ ਸਬੰਧ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਸੱਭਿਆਚਾਰਕ ਮੰਤਰਾਲੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪੱਤਰ ਵੀ ਭੇਜਿਆ ਗਿਆ ਸੀ। ਐਡਵੋਕੇਟ ਧਾਮੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਸੀ ਕਿ ਸਰਕਾਰ ਵੱਲੋਂ ਇਸ ਦੇ ਬਾਵਜੂਦ ਵੀ ਨਾਮ ਨਾ ਬਦਲਣਾ ਅਤੇ ਦਿੱਲੀ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਸਰਕਾਰੀ ਸਮਾਗਮਾਂ ਦਾ ਹਿੱਸਾ ਬਣਨਾ ਕੌਮ ਲਈ ਦੁਖਦਾਈ ਹੈ। ਉਹਨਾਂ ਇਹ ਵੀ ਕਿਹਾ ਸੀ ਕਿ ਸਿੱਖ ਕੌਮ ਆਪਣੇ ਇਤਿਹਾਸ ਦੀ ਮੌਲਿਕਤਾ ਅਤੇ ਮਹੱਤਤਾ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗੀ ਅਤੇ ਆਪਣੇ ਇਤਿਹਾਸ ਦੀ ਭਾਵਨਾ ਅਨੁਸਾਰ ਹੀ ਸਾਹਿਬਜ਼ਾਦਿਆਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੇ ਹੋਏ, ਸਾਹਿਬਜ਼ਾਦਾ ਸ਼ਹਾਦਤ ਵਜੋਂ ਹੀ ਮਨਾਵੇਗੀ। ਭਾਵੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਸਰਕਾਰ ਦੁਆਰਾ 'ਵੀਰ ਬਾਲ ਦਿਵਸ' ਮਨਾਉਣ ਪਿੱਛੇ ਸਿੱਖ ਇਤਿਹਾਸ ਨੂੰ ਕਮਜ਼ੋਰ ਕਰਨ ਦੀ ਸ਼ਰਾਰਤੀ ਸਾਜਿਸ਼ ਕਰਾਰ ਦਿੱਤਾ ਗਿਆ ਸੀ, ਪਰ ਦੋ ਸਾਲ ਬੀਤਣ ਤੋਂ ਬਾਅਦ ਵੀ ਉਹਨਾਂ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਕੋਈ ਭਾਰਤ ਸਰਕਾਰ ਨੂੰ ਇਸ ਬਾਰੇ ਤਾੜਨਾ ਕੀਤੀ ਗਈ।

ਸਾਨੂੰ ਸਭ ਨੂੰ ਪਤਾ ਹੈ ਕਿ ਅੱਜ ਦਾ ਸਮਾਂ ਸੋਸ਼ਲ ਮੀਡੀਆ ਦਾ ਹੈ। ਸਿੱਖ ਇਤਿਹਾਸ ਨੂੰ ਗੰਧਲਾ ਕਰਨ ਵਾਲੇ, 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਧੁੰਦਲਾ ਕਰਨ ਲਈ ਪੂਰਾ ਜੋਰ ਲਗਾ ਰਹੇ ਹਨ ਅਤੇ 'ਵੀਰ ਬਾਲ ਦਿਵਸ' ਨੂੰ ਉਭਾਰਨ ਵਿੱਚ ਲੱਗੇ ਹੋਏ ਹਨ। ਹੋਰ ਤਾਂ ਹੋਰ ਜ਼ਿਆਦਾਤਰ ਪੋਸਟਾਂ ਵਿਚ ਸਾਹਿਬਜ਼ਾਦਾ ਸ਼ਬਦ ਵਰਤਣ ਤੋਂ ਵੀ ਗੁਰੇਜ ਕੀਤਾ ਜਾ ਰਿਹਾ ਹੈ। ਕਈ ਪੋਸਟਾਂ ਵਿੱਚ ਸਾਹਿਬਜ਼ਾਦਾ ਸ਼ਬਦ ਲਿਖਣ ਦੀ ਬਜਾਏ ਉਹਨਾਂ ਨੂੰ 'ਬ੍ਰੇਵ ਲਿਟਲ ਵਾਰਈਅਰ' (Brave Little Warrior) ਜਾ 'ਯੰਗ ਹੀਰੋ' (Young Heroes) ਲਿਖਿਆ ਹੋਇਆ ਹੈ। ਸਾਧ ਸੰਗਤ ਜੀ ਇਸ ਸਾਰੇ ਵਰਤਾਰੇ ਨੂੰ ਰੋਕਣ ਲਈ ਸਾਨੂੰ ਵੀ ਹੰਭਲਾ ਮਾਰਨਾ ਚਾਹੀਦਾ ਹੈ। ਸਿੱਖਾਂ ਦੇ ਵਿੱਚ ਵੀ ਬਹੁਤ ਕਾਬਲ ਤੇ ਹੋਣਹਾਰ ਡਿਜ਼ਾਈਨਰ ਬੈਠੇ ਹਨ। ਉਹਨਾਂ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਦੇ ਬੈਨਰ ਥੱਲੇ ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਸੰਪੂਰਨ ਨਾਮ ਲਿਖ ਕੇ ਬੈਨਰ ਜਾਂ ਪੋਸਟ ਜਾਂ ਇਸ਼ਤਿਹਾਰ ਤਿਆਰ ਕਰਨੇ ਚਾਹੀਦੇ ਹਨ ਤਾਂ ਕਿ ਆਉਂਦੇ ਦਿਨਾਂ ਵਿੱਚ ਵੀਰ ਬਾਲ ਦਿਵਸ ਦੀ ਬਜਾਏ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਨੂੰ ਅਸੀਂ ਵੀ ਉਭਾਰ ਸਕੀਏ।

ਆਓ, ਅਸੀ ਸਾਰੇ ਰੱਲਕੇ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰੀਏ ਕਿ ਉਹ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਿੱਖ ਮਰਿਆਦਾ ਅਨੁਸਾਰ ਯਾਦ ਕਰਨ ਲਈ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨਾਲ ਇਸ ਗੰਭੀਰ ਮੁੱਦੇ ਨੂੰ ਉਠਾਉਣ ਤਾਂ ਕਿ ਸਾਹਿਬਜ਼ਾਦਿਆਂ ਦੀ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਨੂੰ 'ਸਾਹਿਬਜ਼ਾਦਾ ਸ਼ਹੀਦੀ ਦਿਵਸ' ਵਜੋਂ ਹੀ ਮਨਾਇਆ ਜਾਵੇ। ਇਹੋ ਸਾਡੀ ਸਾਹਿਬਜ਼ਾਦਿਆਂ ਨੂੰ 13 ਪੋਹ (27 ਦਸੰਬਰ, 2024) ਨੂੰ ਸੱਚੀ ਸੁੱਚੀ ਅਤੇ ਭਾਵਨਾ ਭਰਪੂਰ ਸ਼ਰਧਾਂਜਲੀ ਹੋਵੇਗੀ।



ਪ੍ਰੋਫੈਸਰ (ਡਾ.) ਦਲਜੀਤ ਸਿੰਘ
ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ,
ਪ੍ਰੋਫੈਸਰ ਆਫ ਲਾਅ ਅਤੇ ਵਾਈਸ ਚਾਂਸਲਰ
ਰਿਆਤ ਬਾਹਰਾ ਯੂਨੀਵਰਸਿਟੀ
M.: +919814518877
Email: vcdaljitsingh@gmail.com










